### ਅਧਿਆਇ 5

# ਨਿਹਚਾ ਦੇ ਇਜ਼ਹਾਰ

ਅਧਿਆਇ 5 ਨੂੰ ''ਨਿਹਚਾ ਦਾ ਅਧਿਆਇ'' ਕਿਹਾ ਜਾ ਸਕਦਾ ਹੈ। 5:17 ਅਤੇ 5:40 ਵਿਚ ਦੋ ਛੋਟੇ ਛੋਟੇ ਅਪਵਾਦਾਂ ਨਾਲ, ਸਿੱਧੇ ਜਾਂ ਅਸਿੱਧੇ ਤੌਰ ਤੇ ਪੂਰਾ ਅਧਿਆਇ ਨਿਹਚਾ ਦੇ ਸਬੰਧ ਵਿਚ ਹੈ।

## ਭ੍ਰਿਸ਼ਟ ਆਤਮਾ ਤੋਂ ਚਗਾ ਕਰਨਾ (5:1-20)[1]

ਇਸ ਵਿਰਤਾਂਤ ਦੀ ਸ਼ੁਰੂਆਤ ਯਿਸੂ ਦੇ ਮੋਅਜਜ਼ਿਆਂ ਵਿਚ ਇਸ ਦੀ ਸ਼ੁਰੂਆਤ 4:35 ਵਿਚ ਦੂਜਾ ਮੋਅਜਜ਼ਾ ਹੈ। ਭੂਤ ਚੰਬੜੇ ਇਸ ਆਦਮੀ ਦਾ ਚੰਗਾ ਹੋਣਾ ਇੰਜੀਲ ਦੇ ਵਿਰਤਾਂਤਾਂ ਵਿਚ ਭੂਤਸਿੱਧੀ ਦਾ ਸਪੱਸ਼ਟ ਵਰਣਨ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਸਾਰੇ ਭੂਤ ਇੱਕੋ ਜਿਹੇ ਨਹੀਂ ਹਨ। ਇੰਜੀਲ ਦੇ ਵਿਰਤਾਂਤਾਂ ਅਤੇ ਰਸੂਲਾਂ ਦੇ ਕਰਤੱਬ ਦੀ ਕਿਤਾਬ ਵਿਚ, ਦੁਸ਼ਟ ਆਤਮਿਆਂ ਤੋਂ ਆਮ ਬਿਮਾਰੀਆਂ ਤੋਂ ਵੱਖਰਾ ਹੈ।[2]

ਮਰਕੁਸ 5 ਵਿਚ ਭੂਤ ਚੰਬੜੇ ਆਦਮੀ ਦੀ ਕਹਾਣੀ ਵਿਚ ਇਕ ਦ੍ਰਿਸ਼ਟਾਂਤ ਦਾ ਹਿੱਸਾ ਹੈ। ਯਿਸੂ ਅਣਜਾਣ ਸਥਿਤੀਆਂ ਅਤੇ ਜੀਵਾਂ ਦਾ ਜਿਕਰ ਕਰ ਰਿਹਾ ਹੈ ਜਿਨ੍ਹਾਂ ਬਾਰੇ ਅਸੀਂ ਨਹੀਂ ਜਾਣ ਸਕਦੇ।

### ਕਬਰਾਂ ਵਿਚ ਰਹਿਣ ਵਾਲਾ ਇਕ ਮਨੁੱਖ (5: 1-5)

**[1]ਓਹ ਝੀਲ ਦੇ ਪਾਰ ਗਿਰਸੇਨੀਆਂ ਦੇ ਦੇਸ ਵਿੱਚ ਪਹੁੰਚੇ [2]ਅਰ ਜਾਂ ਉਹ ਬੇੜੀ ਉੱਤੋਂ ਉੱਤਰਿਆ ਤਾਂ ਓਵੇਂ ਇੱਕ ਮਨੁੱਖ ਜਿਹ ਦੇ ਵਿੱਚ ਭਰਿਸਟ ਆਤਮਾ ਸੀ ਕਬਰਾਂ ਵਿੱਚੋਂ ਨਿੱਕਲ ਕੇ ਉਹਨੂੰ ਆ ਮਿਲਿਆ [3]ਉਹ ਕਬਰਾਂ ਵਿੱਚ ਰਹਿੰਦਾ ਸੀ ਅਤੇ ਹੁਣ ਕੋਈ ਉਹਨੂੰ ਸੰਗਲਾਂ ਨਾਲ ਵੀ ਜਕੜ ਨਹੀਂ ਸੀ ਸੱਕਦਾ [4]ਉਹ ਤਾਂ ਕਈ ਵਾਰੀ ਬੇੜੀਆਂ ਅਤੇ ਸੰਗਲਾਂ ਨਾਲ ਜਕੜਿਆ ਗਿਆ ਸੀ ਪਰ ਉਹਨੇ ਸੰਗਲ ਤੋੜ ਸੁੱਟੇ ਅਰ ਬੇੜੀਆਂ ਦੇ ਟੋਟੇ ਟੋਟੇ ਕਰ ਦਿੱਤੇ ਸਨ ਅਤੇ ਕੋਈ ਉਹਨੂੰ ਕਾਬੂ ਨਹੀਂ ਕਰ ਸੱਕਦਾ ਸੀ [5]ਉਹ ਰਾਤ ਦਿਨ ਨਿੱਤ ਕਬਰਾਂ ਅਤੇ ਪਹਾੜਾਂ ਵਿੱਚ ਚੀਕਾਂ ਮਾਰਦਾ ਅਰ ਆਪਣੇ ਆਪ ਨੂੰ ਪੱਥਰਾਂ ਨਾਲ ਵੱਢਦਾ ਹੁੰਦਾ ਸੀ।**

**ਆਇਤ 1. ਓਹ ਝੀਲ ਦੇ ਪਾਰ ਗਿਰਸੇਨੀਆਂ ਦੇ ਦੇਸ ਵਿੱਚ ਪਹੁੰਚੇ।** ਉਸ ਥਾਂ ਦਾ ਜਿੱਥੇ ਯਿਸੂ ਇਸ ਵਾਰੀ ਆਇਆ ਪੱਕਾ ਪਤਾ ਨਹੀਂ ਹੈ। ਮਰਕੁਸ 5:1 ਅਤੇ ਲੂਕਾ 8:26, 37 ਵਿਚ ਭਾਵੇਂ ''ਗਿਰਸੇਨੀਆਂ'' (NASB; NIV) ਜਾਂ ''ਗਦਰੇਨੀਆਂ'' (KJV) ਹੈ, ਪਰ ਮੱਤੀ 8:28 ਵਿਚ ''ਗਦਰੀਨੀਆਂ'' (NASB; NIV) ਜਾਂ ਗਰਗੇਨੀਆਂ (KJV)। ''ਗਦਾਰਾ'' ਜਿਹੜਾ ਕੁਝ ਲੇਖਾਂ ਵਿਚ ਮਿਲਦਾ ਹੈ, ਗਰੇਸਾ ਦੇ ਮਜ਼ਬੂਤ ਸ਼ਹਿਰ ਦੀ ਬਜਾਇ, ਗਲੀਲ ਸਾਗਰ ਦੇ ਨਾਲ ਇਕ ਕਸਬਾ ਸੀ।[3] ਇਸ ਘਟਨਾ ਦਾ ਸਥਾਨ ਸਪੱਸ਼ਟ ਤੌਰ ਤੇ ਇਕ ਗੈਰ ਯਹੂਦੀ ਇਲਾਕਾ ਸੀ, ਕਿਉਂਕਿ ਇਸ ਦੀਆਂ ਚਾਰਾਹਾਂ ਸੂਰਾਂ ਨਾਲ ਭਰੀਆਂ ਹੋਈਆਂ ਸਨ।

ਮਰਕੁਸ ਸ਼ਾਇਦ ਇਸ ਇਲਾਕੇ ਦੀ ਪਛਾਣ ਕਰ ਰਿਹਾ ਹੋ ਸਕਦਾ ਹੈ ਜਦਕਿ ਮੱਤੀ ਵਧੇਰੇ ਸੀਮਤ ਖੇਤਰ ਦੀ ਵਿਆਖਿਆ ਨੂੰ ਸਪੱਸ਼ਟ ਕਰ ਰਿਹਾ ਸੀ। ਕਿਸੇ ਇਲਾਕੇ ਦੇ ਵੱਖ-ਵੱਖ ਨਾਂਅ ਹੋ ਸਕਦੇ ਸਨ।

ਉਦਾਹਰਣ ਲਈ, ਯੂਨਾਈਟਡ ਸਟੇਟ ਨੂੰ ਆਮ ਤੌਰ ਤੇ ''ਅਮਰੀਕਾ'' ਕਿਹਾ ਜਾਂਦਾ ਹੈ।

**ਆਇਤਾਂ 2-5.** ਭ੍ਰਿਸ਼ਟ ਆਤਮਾ ਤੋਂ ਪਰੇਸ਼ਾਨ ਮਨੁੱਖ ਯਿਸੂ ਦੇ **ਬੇੜੀ ਉੱਤੋਂ ਉੱਤਦਿਆਂ** ਜੋ **ਕਬਰਾਂ ਵਿੱਚ ਰਹਿੰਦਾ ਸੀ** ਉਹਨੂੰ ਮਿਲਿਆ। ਖੰਡਰਾਂ ਜਾਂ ''ਕਬਰਾਂ ਵਿਚ'' ਅੱਜ ਵੀ ਬੱਧੂਆਂ ਵਿਚ ਆਮ ਗੱਲ ਹੈ। ਉਸ ਖੇਤਰ ਵਿਚ ਮਿਲੀਆਂ ਗੁਫ਼ਾਵਾਂ ਵੀਹ ਫ਼ੁਟ ਚੌੜੀਆਂ ਹਨ ਅਤੇ ਲਾਸ਼ਾਂ ਨੂੰ ਦਫ਼ਨਾਉਣ ਲਈ ਕਾਫ਼ੀ ਜਗ੍ਹਾ ਹੁੰਦੀ ਹੋਵੇਗੀ।[4] ਭ੍ਰਿਸ਼ਟ ਆਤਮਾ ਤਾਂ ਪਰੇਸ਼ਾਨ ਮਨੁੱਖ ਉਸ ਖਾਲੀ ਗੁਫ਼ਾਵਾਂ ਵਿਚ ਰਹਿੰਦਾ ਹੋਵੇਗਾ। ਜਿਹੜੀਆਂ ਪਹਿਲਾਂ ਕਿਸੇ ਦੀਆਂ ਕਬਰਾਂ ਹੁੰਦੀਆਂ ਹੋਣਗੀਆਂ।

ਇਹ ਤੱਥ ਕਿ ਇਹ ਵਿਅਕਤੀ ਕਬਰਸਤਾਨ ਵਿਚ ਰਹਿੰਦਾ ਸੀ ਇਹ ਵਿਖਾਉਂਦਾ ਹੈ ਕਿ ਉਹ ਇਕ ਬੇਦਖਲ ਕੀਤਾ ਹੋਇਆ ਸੀ ਜਿਸਨੂੰ ਆਪਣੇ ਅਤੇ ਦੂਜਿਆਂ ਲਈ ਖ਼ਤਰਾ ਮੰਨਿਆ ਜਾਂਦਾ ਸੀ। ਭ੍ਰਿਸ਼ਟ ਆਤਮਾ ਤੋਂ ਪਰੇਸ਼ਾਨ ਮਨੁੱਖ ਨਾਲ ਅਜਿਹਾ ਵਿਹਾਰ ਉੱਨ੍ਹੀਵੀਂ ਸਦੀ ਤਕ ਯੂਰਪ ਦੇ ਕੁਝ ਹਿੱਸਿਆਂ ਵਿਚ ਪਾਗਲਾਂ ਨਾਲ ਕੀਤੇ ਜਾਣ ਵਾਲੇ ਵਿਹਾਰ ਦੇ ਬਰਾਬਰ ਸੀ। ਉਸ ਸਮੇਂ ਤੋਂ ਪਹਿਲਾਂ, ਗੰਭੀਰ ਮਾਨਸਿਕ ਤੌਰ ਤੇ ਬਿਮਾਰ ਲੋਕਾਂ ਨੂੰ ਆਮ ਤੌਰ ਤੇ ''ਪਾਗਲਖਾਨੇ''[5] ਭੇਜ ਕੇ ਜ਼ੰਜੀਰਾਂ ਨਾਲ ਬੰਨ੍ਹਿਆ ਜਾਂਦਾ ਸੀ।

ਬਹੁਤ ਸਾਰੇ ਲੋਕਾਂ ਨੇ ਅਨੁਮਾਨ ਲਾਇਆ ਹੈ ਕਿ ਇਸ ਮਨੁੱਖ ਦੇ ਅੰਦਰ ਜਿਹੜੀਆਂ ਆਤਮਾਵਾਂ ਸਨ ਉਹ ਉਨ੍ਹਾਂ ਮੁਰਦਿਆਂ ਦੀਆਂ ਆਤਮਾਵਾਂ ਸਨ ਜਿਨ੍ਹਾਂ ਦੀਆਂ ਲਾਸਾਂ ਨੂੰ ਉਸ ਖੇਤਰ ਵਿਚ ਦਫ਼ਨਾਇਆ ਗਿਆ ਸੀ। ਜੇਕਰ ਭ੍ਰਿਸ਼ਟ ਆਤਮਾਵਾਂ ਸਚਮੁਚ ਵਿਚ ਮੁਰਦਿਆਂ ਦੀ ਆਤਮਾ ਸਨ ਤਾਂ ਇਹ ਹੋ ਸਕਦਾ ਹੈ, ਪਰ ਇਸ ਵਿਚਾਰ ਦਾ ਸਮਰਥਨ ਵਿਚ ਸਬੂਤ ਕਿੱਥੇ ਹਨ?[6]

ਜੋਸੇਫ਼ਸ ਅਤੇ ਮੁੱਢਲੇ ਚਰਚ ਫ਼ਾਦਰਜ਼ ਨੇ ਮੰਨਿਆ ਕਿ ਭ੍ਰਿਸ਼ਟ ਆਤਮਾਵਾਂ ਮਰੇ ਹੋਏ ਲੋਕ ਸਨ, ਜਦਕਿ ਹਨੋਕ ਦੀ ਅਪ੍ਰਮਾਣਕ ਕਿਤਾਬ ਇਸ ਵਿਚਾਰ ਨੂੰ ਵਿਖਾਉਂਦੀ ਹੈ ਕਿ ਭ੍ਰਿਸ਼ਟ ਆਤਮਾਵਾਂ ਕੱਢੇ ਗਏ ਸੁਰਗਦੂਤ ਹਨ। ਨਵੇਂ ਨੇਮ ਵਿਚ ਜਿਨ੍ਹਾਂ ਨੂੰ ''ਭੂਤ'' ਕਿਹਾ ਗਿਆ ਹੈ (ਵੇਖੋ ਮੱਤੀ 8:28–33; ਲੂਕਾ 8:27) ਸਮਾਨਾਂਤਰ ਵਿਰਤਾਂਤਾਂ ਵਿਚ ''ਬਦਰੂਹਾਂ'' ਦੱਸਿਆ ਗਿਆ ਹੈ (ਲੂਕਾ 7:21; 8:2) । ਅਫ਼ਸੋਸ ਦੀ ਗੱਲ ਹੈ ਕਿ KJV ਵਿਚ ਸਿਰਫ਼ ਇਕ ਵਾਰ ''devils'' ਕਿਹਾ ਗਿਆ ਹੈ; (ਜੋ ਕਿ ਦੁਸ਼ਟ ਦਾ ਬਹੁਵਚਨ ਹੈ– ਅਨੁਵਾਦਕ) ਪਰ ਦੁਸ਼ਟ ਸਿਰਫ਼ ਇੱਕੋ ਹੈ ਅਤੇ ਉਹ ਕੋਈ ਹੋਰ ਨਹੀਂ ਬਲਕਿ ਸ਼ਤਾਨ ਹੈ। ਪਰ ''ਅਸ਼ੁੱਧ ਆਤਮਾਵਾਂ'' (demons) ਬਹੁਤ ਸਾਰੀਆਂ ਹਨ। ਜੋ ਕਿ ਯੂਨਾਨੀ ਸ਼ਬਦ δαιμόνιον (*ਡਾਇਮੋਨੀਓਸ*) ਤੋਂ ਲਿਆ ਗਿਆ ਹੈ।[7] ਇੰਜੀਲ ਦੇ ਵਿਰਤਾਂਤ ''devils'' ਅਤੇ ''ਭੂਤ'' ਕਿਹਾ ਗਿਆ ਹੈ। ਇਹ ਆਤਮਾਵਾਂ ''ਭੂਤ'' ਸਨ ਕਿਉਂਕਿ ਉਹ ਸ਼ਤਾਨ ਦੇ ਸੇਵਕ ਸਨ (ਵੇਖੋ ਮੱਤੀ 12:24–26; ਮਰਕੁਸ 3:22–26; ਲੂਕਾ 11:14–20)।

ਇਹ ਵਿਚਾਰ ਕਿ ਸ਼ੁੱਧ ਆਤਮਾਵਾਂ ਕੱਢੇ ਗਏ ਸੁਰਗਦੂਤ ਹਨ। 2 ਪਤਰਸ 2:4 ਵਿਚ ਪੁਰਾਣੇ ਅਤੇ ਨਵੇਂ ਨੇਮ ਦੀਆਂ ਸਿੱਖਿਆਵਾਂ ਦੇ ਉਲਟ ਲਗਦੇ ਹਨ: ''... ਜਦੋਂ ਪਰਮੇਸ਼ੁਰ ਨੇ ਦੂਤਾਂ ਨੂੰ ਜਿਸ ਵੇਲੇ ਉਨ੍ਹਾਂ ਪਾਪ ਕੀਤਾ ਨਾ ਛੱਡਿਆ ਸਗੋਂ ਉਨ੍ਹਾਂ ਨੂੰ ਨਰਕ ਵਿਚ ਸੁੱਟ ਕੇ ਅੰਧਕੂਪਾਂ ਵਿਚ ਪਾ ਦਿੱਤਾ ਭਈ ਨਿਆਉਂ ਦੇ ਲਈ ਕਾਬੂ ਰਹਿਣ।'' ਇਹ ਆਇਤ ਦੱਸਦੀ ਹੈ ਕਿ ਸੁੱਟੇ ਗਏ ''ਦੂਤਾਂ'' ਦੀ ਥਾਂ ''ਅੰਧਕੂਪ'' ਵਿਚ ਕਿਤੇ ਹੈ ਜਿਹੜਾ ਇਸ ਗੱਲ ਦਾ ਸੰਕੇਤ ਹੈ ਕਿ ਉਨ੍ਹਾਂ ਨੂੰ ਰੋਕ ਦਿੱਤਾ ਗਿਆ ਹੈ ਅਤੇ ਧਰਤੀ ਉੱਤੇ ਆ ਕੇ ਬੁਰਿਆਈ ਕਰਨ ਦੀ ਉਨ੍ਹਾਂ ਕੋਲ ਕੋਈ ਸਮਰੱਥਾ ਨਹੀਂ ਹੈ।

ਇਹ ਵਿਚਾਰ ਕਿ ਸੁੱਟੇ ਗਏ ਸੁਰਗਦੂਤ ਉਹੀ ਹੋ ਸਕਦੇ ਹਨ ਜੋ ਯਿਸੂ ਦੇ ਸਮੇਂ ਵਿਚ ਅਸ਼ੁੱਧ ਆਤਮਾ ਸਨ। ਅਫ਼ਸੀਆਂ6:12 ਵਿਚ ''ਇਸ ਅੰਧਘੋਰ ਦੇ ਮਹਾਰਾਜਿਆਂ'' ਵਾਲੇ ਪੌਲੁਸ ਦੇ ਨਾਲ ਸਾਡੀ ਲੜਾਈ ਦੇ ਵਿਰਤਾਂਤ ਨਾਲ ਥੋੜ੍ਹਾ ਮੇਲ ਖਾਂਦਾ ਹੈ। ਇਸ ਹਵਾਲੇ ਵਿਚ, ਪੌਲੁਸ ਨੇ ''ਦੁਸ਼ਟ ਆਤਮਿਆਂ ਜੋ ਸੁਰਗੀ ਥਾਵਾਂ ਵਿਚ ਹਨ'' ਦੀ ਵੀ ਗੱਲ ਕੀਤੀ। ਪਰ ਇਸ ਵਾਕ ਅੰਸ਼ ਦਾ ਅਰਥ ''ਅਥਾਹ ਕੁੰਡ'' (ἄβυσσος, *ਆਬਸੋਸ*) ਨਹੀਂ ਲਗਦਾ, ਜਿੱਥੇ ਇਸ ਮਨੁੱਖ ਦੇ ਅੰਦਰ ਰਹਿਣ

ਵਾਲੀ ਅਸ਼ੁੱਧ ਆਤਮਾ ਨੂੰ ਨਹੀਂ ਜਾਣਿਆ ਜਾ ਸਕਦਾ (ਲੂਕਾ 8:31)। ਅਸੀਂ ਅਥਾਹ ਕੁੰਡ ਨੂੰ ਨਰਕ ਮੰਨ ਸਕਦੇ ਹਾਂ, ਜੋ ਕਿ ''ਸਰਾਪੇ ਹੋਇਓ ਲਈ ਗੇਹੰਨਾ ਜਾਂ 'ਸਦੀਪਕ ਅੱਗ' ਸਦਾ ਲਈ ਰਹਿਣ ਵਾਸਤੇ ਸਮਤੇ ਆਪਣੇ ਆਪ ਨੂੰ ਸਮਰਪਤ ਕਰਨਾ ਪਵੇਗਾ (ਮੱਤੀ 25:41),'' ਆਖ਼ਰੀ ਨਿਵਾਸ ਅਤੇ ਟਿਕਾਣਾ ''ਸ਼ਤਾਨ, ਸ਼ੁੱਧ ਆਤਮਾਵਾਂ ਅਤੇ ਨਾ ਬਚਾਇਆਂ ਹੋਇਆਂ ਦਾ ਪੱਕਾ ਟਿਕਾਣਾ।''[8]

ਅਸ਼ੁੱਧ ਆਤਮਾਵਾਂ ਸ਼ਾਇਦ ਦੁਸ਼ਟ ਸੁਰਗਦੂਤਾਂ ਤੋਂ ਘੱਟ ਦਰਜੇ ਦੀਆਂ ਹੋਣ ਜਿਨ੍ਹਾਂ ਨੂੰ ਮਸੀਹ ਦੇ ਸਮੇਂ ਦੌਰਾਨ ਧਰਤੀ ਉੱਤੇ ਵਿਸ਼ੇਸ ਪ੍ਰਭਾਵ ਰੱਖਣ ਦਿੱਤਾ ਗਿਆ। ਉਹ ਮੌਤ, ਮਰਨ, ਵਿਨਾਸ਼ ਅਤੇ ਬੁਰਿਆਈ ਨਾਲ ਸਬੰਧਿਤ ਸਨ। ਇਨ੍ਹਾਂ ਅਜੀਬ, ਸ਼ਕਤੀਸ਼ਾਲੀ ਜੀਵਾਂ ਨੂੰ ਜਿਨ੍ਹਾਂ ਨੂੰ ਅਸੀਂ ''ਬਦਰੂਹ'' ਕਹਿੰਦੇ ਹਾਂ ਅਫ਼ਸੀਆਂ 6:12 ਵਿਚ ''ਅੰਧਘੋਰ ਦੇ ਮਹਾਰਾਜਿਆਂ'' ਦੇ ਰੂਪ ਵਿਚ ਵਿਖਾਇਆ ਗਿਅ ਹੋ ਸਕਦਾ ਹੈ। ਪੌਲੁਸ ਨੇ ਕਿਹਾ, ''ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖ਼ਤਿਆਰਾਂ, ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿਚ ਹਨ।'' ਬਦਰੂਹਾਂ ਸ਼ਾਇਦ ਸੰਸਾਰ ਵਿਚ ਸ਼ਤਾਨ ਦੀ ਸਹਾਇਤਾ ਕਰਦੀਆਂ ਹੋ ਸਕਦੀਆਂ ਹਨ ਪਰ ਯਿਸੂ ਅਤੇ ਪਰਮੇਸ਼ੁਰ ਦੇ ਸ਼ਕਤੀਸ਼ਾਲੀ ਵਚਨ ਦੇ ਅਧੀਨ, ਉਨ੍ਹਾਂ ਦੀ ਸਮਰੱਥਾ ਬਹੁਤ ਜ਼ਿਆਦਾ ਸੀਮਤ ਕੀਤਾ ਗਿਆ ਹੈ।

ਇਸ ਵਚਨ ਵਿਚ ਦੱਸੇ ਗਏ ਮਨੁੱਖ, ਜਿਸ ਵਿਚ ਇਹ ਬਦਰੂਹਾਂ ਸਨ, ਅਲੌਕਿਕ ਸਮਰੱਥਾ ਨੂੰ ਵਿਖਾ ਰਿਹਾ ਸੀ ਕਿਉਂਕਿ ਉਸ ਵਿਚ ਸ਼ਤਾਨ ਦੀਆਂ ਵੱਡੀਆਂ ਸ਼ਕਤੀਆਂ ਵਿਖਾਈਆਂ ਜਾ ਰਹੀਆਂ ਸਨ।[9] ਮਰਕੁਸ ਨੇ ਵੱਖੋ–ਵੱਖ ਵਾਕ ਅੰਸ਼ਾਂ ਵਿਚ ਇਸ ਦੀ ਅਸੀਮਤ ਸ਼ਕਤੀ ਦਾ ਵਰਣਨ ਕੀਤਾ ਹੈ: **ਕੋਈ ਉਹਨੂੰ ਸੰਗਲਾਂ ਨਾਲ ਵੀ ਜਕੜ ਨਹੀਂ ਸੀ ਸੱਕਦਾ ਉਹ ਤਾਂ ਕਈ ਵਾਰੀ ਬੇੜੀਆਂ ਅਤੇ ਸੰਗਲਾਂ ਨਾਲ ਜਕੜਿਆ ਗਿਆ ਸੀ ਪਰ ਉਹ ਨੇ ਸੰਗਲ ਤੋੜ ਸੁੱਟੇ ਅਰ ਬੇੜੀਆਂ ਦੇ ਟੋਟੇ ਟੋਟੇ ਕਰ ਦਿੱਤੇ ਸਨ ਅਤੇ ਕੋਈ ਉਹਨੂੰ ਕਾਬੂ ਨਹੀਂ ਕਰ ਸੱਕਦਾ ਸੀ।** ਉਸ ਵਿਚ ਉਹ ਕਰਨ ਦੀ ਸ਼ਕਤੀ ਸੀ, ਜੋ ਕਿ ਕਿਸੇ ਵੀ ਆਮ ਇਨਸਾਨ ਦੇ ਵੱਸੋਂ ਬਾਹਰੀ ਗੱਲ ਹੈ। ਇਸ ਤੋਂ ਵੱਖ **ਉਹ ਰਾਤ ਦਿਨ ਨਿੱਤ ਕਬਰਾਂ ਅਤੇ ਪਹਾੜਾਂ ਵਿੱਚ ਚੀਕਾਂ ਮਾਰਦਾ ਅਰ ਆਪਣੇ ਆਪ ਨੂੰ ਪੱਥਰਾਂ ਨਾਲ ਵੱਢਦਾ ਹੁੰਦਾ ਸੀ।**

ਮਰਕੁਸ 5 ਅਤੇ ਲੂਕਾ 8 ਸਿਰਫ਼ ਇੱਕੋ ਮਨੁੱਖ ਬਾਰੇ ਕਿਉਂ ਗੱਲ ਕਰਦੇ ਹਨ, ਜਦਕਿ ਮੱਤੀ 8 ਬਦਰੂਹ ਤੋਂ ਪਰੇਸ਼ਾਨ ਦੋ ਲੋਕਾਂ ਦੀ ਗੱਲ ਕਰਦਾ ਹੈ ਜੋ ਐਨੇ ਖ਼ਤਰਨਾਕ ਸਨ ਕਿ ਕੋਈ ਵੀ ਉਧਰੋਂ ਜਾ ਨਹੀਂ ਸਕਦਾ ਸੀ? ਹੋ ਸਕਦਾ ਹੈ ਕਿ ਮਰਕੁਸ ਅਤੇ ਲੂਕਾ ਨੇ ਜ਼ਿਆਦਾਤਰ ਤਾਕਤਵਰ ਮਨੁੱਖ ਦੀ ਗੱਲ ਕੀਤੀ ਜਿਹਦੇ ਕੋਲ ਬੁਰੀ ਆਤਮਾ ਜਾਂ ਆਤਮਾਵਾਂ ਦਾ ਸਮੂਹ (''ਲਸ਼ਕਰ''; 5:9) ਦੀ ਗੱਲ ਕਰਦਾ ਸੀ।[10]

## ''ਹੇ ਯਿਸੂ ਮਹਾਂ ਪਰਮੇਸ਼ੁਰ ਦੇ ਪੁੱਤਰ'' (5:6-13)

**6ਜਾਂ ਉਸ ਨੇ ਯਿਸੂ ਨੂੰ ਦੂਰੋਂ ਡਿੱਠਾ ਤਾਂ ਦੌੜ ਕੇ ਆਇਆ ਅਤੇ ਉਹਨੂੰ ਮੱਥਾ ਟੇਕਿਆ 7ਅਰ
ਉੱਚੀ ਆਵਾਜ ਨਾਲ ਪੁਕਾਰ ਕੇ ਬੋਲਿਆ, ਹੇ ਯਿਸੂ ਮਹਾਂ ਪਰਮੇਸ਼ੁਰ ਦੇ ਪੁੱਤਰ, ਤੇਰਾ ਮੇਰੇ ਨਾਲ ਕੀ
ਕੰਮ? ਮੈਂ ਤੈਨੂੰ ਪਰਮੇਸ਼ੁਰ ਦੀ ਸੌਂਹ ਦਿੰਦਾ ਹਾਂ, ਮੈਨੂੰ ਦੁਖ ਨਾ ਦਿਹ! 8ਕਿਉਂ ਜੋ ਉਸ ਨੇ ਉਹਨੂੰ ਕਿਹਾ
ਸੀ ਕਿ ਹੇ ਭ੍ਰਿਸ਼ਟ ਆਤਮਾ, ਇਸ ਮਨੁੱਖ ਵਿੱਚੋਂ ਨਿੱਕਲ ਜਾਹ! 9ਫੇਰ ਉਸ ਨੇ ਉਹਨੂੰ ਪੁੱਛਿਆ, ਤੇਰਾ
ਕੀ ਨਾਉਂ ਹੈ ਉਹ ਨੇ ਉਸ ਨੂੰ ਕਿਹਾ, ਮੇਰਾ ਨਾਉਂ ਲਸ਼ਕਰ ਹੈ ਕਿਉਂ ਜੋ ਅਸੀਂ ਬਹੁਤੇ ਹਾਂਗੇ 10ਅਤੇ
ਉਹ ਨੇ ਉਸ ਦੀਆਂ ਬਹੁਤ ਮਿੰਨਤਾਂ ਕੀਤੀਆਂ ਭਈ ਸਾਨੂੰ ਇਸ ਦੇਸ ਵਿੱਚੋਂ ਨਾ ਕੱਢ! 11ਉੱਥੇ ਪਹਾੜ
ਦੇ ਨੇੜੇ ਸੂਰਾਂ ਦਾ ਇੱਕ ਵੱਡਾ ਇੱਜੜ ਚੁਗਦਾ ਸੀ 12ਅਤੇ ਉਨ੍ਹਾਂ ਨੇ ਉਸ ਦੀ ਮਿੰਨਤ ਕੀਤੀ ਕਿ ਸਾਨੂੰ
ਸੂਰਾਂ ਵਿੱਚ ਘੱਲ ਦਿਹ ਤਾਂ ਜੋ ਅਸੀਂ ਉਨ੍ਹਾਂ ਵਿੱਚ ਜਾ ਵੜੀਏ 13ਅਤੇ ਉਸ ਨੇ ਉਨ੍ਹਾਂ ਨੂੰ ਜਾਣ ਦਿੱਤਾ।**

**ਤਾਂ ਭ੍ਰਿਸ਼ਟ ਆਤਮੇ ਨਿੱਕਲ ਕੇ ਸੂਰਾਂ ਵਿੱਚ ਜਾ ਵੜੇ ਅਤੇ ਇੱਜੜ ਢਾਹੇ ਉੱਤੋਂ ਸਿਰਤੋੜ ਭੱਜ ਕੇ ਝੀਲ ਵਿੱਚ ਜਾ ਪਿਆ। ਓਹ ਗਿਣਤੀ ਵਿੱਚ ਦੋ ਕੁ ਹਜ਼ਾਰ ਸਨ ਅਤੇ ਓਹ ਝੀਲ ਵਿੱਚ ਡੁੱਬ ਮੋਏ।**

**ਆਇਤਾਂ 6-8.** ਯਿਸੂ ਨੂੰ ਵੇਖ ਕੇ ਭ੍ਰਿਸ਼ਟ ਆਤਮਾ ਤੋਂ ਦੁਖੀ ਉਸ ਮਨੁੱਖ ਨੇ **ਯਿਸੂ ਨੂੰ ਦੂਰੋਂ ਡਿੱਠਾ ਤਾਂ ਦੌੜ ਕੇ ਆਇਆ ਅਤੇ ਉਹਨੂੰ ਮੱਥਾ ਟੇਕਿਆ ਅਰ ਉੱਚੀ ਆਵਾਜ ਨਾਲ ਪੁਕਾਰ ਕੇ ਬੋਲਿਆ, ਹੇ ਯਿਸੂ ਮਹਾਂ ਪਰਮੇਸ਼ੁਰ ਦੇ ਪੁੱਤਰ, ਤੇਰਾ ਮੇਰੇ ਨਾਲ ਕੀ ਕੰਮ?** ਜੋ ਲੋਕ ਇਹ ਸੋਚਦੇ ਹਨ ਕਿ ਉਹ ਮਨੁੱਖ ਪਾਗਲ ਸੀ, ਉਹ ਇਹ ਨਹੀਂ ਦੱਸ ਸਕਦੇ ਕਿ ਉਸ ਨੇ ਯਿਸੂ ਕੋਲ ਆ ਕੇ ਉਸ ਨੂੰ ਮੱਥਾ ਕਿਉਂ ਟੇਕਿਆ ਅਤੇ ਉਹਦਾ ਨਾਂਅ ਲੈ ਕੇ ਕਿਉਂ ਪੁਕਾਰਿਆ। ਯਿਸੂ ਦੀ ਸੇਵਕਾਈ ਦੌਰਾਨ ਅਜਿਹਾ ਬਹੁਤ ਘੱਟ ਲੋਕਾਂ ਨੇ ਕੀਤਾ ਹੈ। ਆਪਣੀ ਪੇਸ਼ੀ ਵਾਲੀ ਰਾਤ ਯਿਸੂ ਨੂੰ ਸਹੁੰ ਚੁਕਾਈ ਗਈ ਕਿ ਉਹ ਮੰਨੇ ਕਿ ਉਹੀ ਮਸੀਹਾ ਹੈ। ਇਸ ਮਾਮਲੇ ਤੇ ਉਹ ਮਹਾਯਾਜਕ ਦੀਆਂ ਗੱਲਾਂ ਨਾਲ ਸਹਿਮਤ ਹੋਇਆ (ਮੱਤੀ 26:63, 64) । ਗਥਸਮਨੀ ਬਾਗ ਵਿਚ ਪ੍ਰਾਰਥਨਾ ਕਰਨ ਤੋਂ ਪਹਿਲਾਂ, ਉਸ ਨੇ ਰਸੂਲਾਂ ਸਾਹਮਣੇ ਇਕਰਾਰ ਕੀਤਾ ਕਿ ''ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ'' (ਯੂਹੰਨਾ 14:6)। ਉਹ ਉਨ੍ਹਾਂ ਬਾਰਾਂ ਨੂੰ ਸਾਫ਼-ਸਾਫ਼ ਦੱਸ ਰਿਹਾ ਸੀ ਕਿ ਉਹ ਕੌਣ ਹੈ।

ਇਨ੍ਹਾਂ ਭ੍ਰਿਸ਼ਟ ਆਤਮਾਵਾਂ ਦਾ ਤਰੀਕਾ ਉਨ੍ਹਾਂ ਭ੍ਰਿਸ਼ਟ ਆਤਮਾਵਾਂ ਵਰਗਾ ਹੋ ਸਕਦਾ ਹੈ ਜਿਨ੍ਹਾਂ ਦੀ ਗੱਲ ਯਾਕੂਬ ਨੇ ਕੀਤੀ ''ਨਿਹਚਾ ਕਰਦੇ ਹਨ ਅਤੇ ਕੰਬਦੇ ਹਨ'' (ਯਾਕੂਬ 2:19)। ਭਲਾ ਇਸ ਮਨੁੱਖ ਨੂੰ ਯਿਸੂ ਵਿਚ ਵਿਸ਼ਵਾਸ ਰੱਖਣ ਲਈ ਇਨ੍ਹਾਂ ਅਸ਼ੁੱਧ ਆਤਮਾਵਾਂ ਨੇ ਡੇਗਿਆ, ਇਸ ਉਮੀਦ ਨਾਲ ਕਿ ਉਹ ਉਸ ਨੂੰ ਯਕੀਨ ਦੁਆਵੇਗਾ ਕਿ ਉਹ ਉਸ ਨੂੰ ਆਦਮੀ ਨੂੰ ਛੱਡਣ ਲਈ ਮਜਬੂਰ ਨਹੀਂ ਕਰੇਗਾ? ਵੱਡੀ ਗੱਲ ਉਸ ਦੀ ਈਮਾਨਦਾਰੀ ਜਾਂ ਬੇਈਮਾਨੀ ਬਾਰੇ ਨਹੀਂ ਹੈ। ਉਨ੍ਹਾਂ ਨੂੰ ਯਕੀਨ ਸੀ ਕਿ ਉਹ ''ਮਹਾਂ ਪਰਮੇਸ਼ੁਰ ਦਾ ਪੁੱਤਰ'' ਹੈ। ਉਨ੍ਹਾਂ ਨੂੰ ਉਸ ਦੀ ਸਮਰੱਥਾ ਦਾ ਪਤਾ ਸੀ ਅਤੇ ਉਹ ਉਸ ਤੋਂ ਡਰਦੇ ਅਤੇ ਭੈ ਮੰਨਦੇ ਸਨ।

''ਭ੍ਰਿਸ਼ਟ ਆਤਮਾ'' ਨੇ ਯਿਸੂ ਨੂੰ ਕਿਹਾ, ''ਮੈਂ ਤੈਨੂੰ ਪਰਮੇਸ਼ੁਰ ਦੀ ਸਹੁੰ ਦਿੰਦਾ ਹਾਂ ਕਿ ਮੈਨੂੰ ਦੁੱਖ ਨਾ ਦੇ।'' KJV ਵਿਚ ''ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ'' ਹੈ ਜਿਹੜਾ ਕਿ ਕਾਨੂੰਨੀ ਸ਼ਬਦ ὁρκίζω (*ਹੋਰਕੀਜ਼ੋ*) ਨੂੰ ਵਧੀਆ ਢੰਗ ਨਾਲ ਵਿਖਾਉਂਦਾ ਹੈ। ਇਹ ਬੇਨਤੀ ਕਰਨ ਵਾਲੇ ਮਨੁੱਖ ਦੇ ਯਤਨ ਨੂੰ ਵਿਖਾਉਂਦਾ ਹੈ। ਯਿਸੂ ਨੇ ਪਹਿਲਾਂ ਹੀ ਆਗਿਆ ਦੇ ਦਿੱਤੀ ਸੀ: **''ਹੇ ਭ੍ਰਿਸ਼ਟ ਆਤਮਾ, ਇਸ ਮਨੁੱਖ ਵਿੱਚੋਂ ਨਿੱਕਲ ਜਾਹ!''** ਭ੍ਰਿਸ਼ਟ ਆਤਮਾਵਾਂ ਇਹ ਸੋਚ ਰਹੀਆਂ ਸਨ ਕਿ ਕਿਉਂਕਿ ਮਸੀਹ ਦੀਆਂ ਪ੍ਰਾਰਥਨਾਵਾਂ ਵਿਚ ਪਰਮੇਸ਼ੁਰ ਦੀ ਸ਼ਕਤੀ ਸੀ। ਉਹ ਉਸ ਨੂੰ ਉਸ ਦੀ ਤਰਫ਼ੋਂ ਪ੍ਰਾਰਥਨਾ ਕਰਨ ਲਈ ਮਨਾ ਸਕਦੇ ਸਨ, ਕਿ ਯਿਸੂ ਨੂੰ ਆਪਣੇ ਆਪ ਨੂੰ ਪਰਮੇਸ਼ੁਰ ਦੀ ਸਹੁੰ ਵੱਲ ਲਿਆਉਂਦੀ ਦੀ ਬੇਨਤੀ ਕੀਤੀ। ਯਿਸੂ ਨੇ ਇਸ ਨੂੰ ਅਣਗੌਲਿਆ ਕਰ ਦਿੱਤਾ; ਉਸ ਨੇ ਸਰੋਤ ਉੱਤੇ ਧਿਆਨ ਕਰਦੇ ਹੋਏ ਇਸ ਦਾ ਜਵਾਬ ਨਹੀਂ ਦਿੱਤਾ।

ਇਹ ਸਪੱਸ਼ਟ ਹੈ ਕਿ ਸ਼ਤਾਨ ਪਰਮੇਸ਼ੁਰ ਦੇ ਮਨੁੱਖੀ ਮਨ ਨੂੰ ਨਹੀਂ ਜਾਣਦਾ ਸੀ। ਇਹ ਇਕ ਕਾਰਣ ਹੋ ਸਕਦਾ ਹੈ ਕਿ ਅਸੀਂ ਪ੍ਰਭੂ ਦੀ ਸਹਾਇਤਾ ਨਾਲ ਅਸੀਂ ਉਸ ਤੇ ਜਿੱਤ ਪ੍ਰਾਪਤ ਕਰ ਸਕਦੇ ਹਾਂ। ਮੱਤੀ 8:29 ਵਿਚ ਮਰਕੁਸ 5:7 ਦਾ ਵਿਚਾਰ ਸਵਾਲ ਦੇ ਰੂਪ ਵਿਚ ਵਿਚਾਰਿਆ ਗਿਆ ਹੈ: ''ਕੀ ਤੂੰ ਵੇਲਿਉਂ ਪਹਿਲਾਂ ਸਾਨੂੰ ਦੁੱਖ ਦੇਣ ਐਥੇ ਆਇਆ ਹੈਂ?'' ਲੂਕਾ 8:31 ਦੱਸਦਾ ਹੈ ਕਿ ਉਹ ''ਅਥਾਹ ਕੁੰਡ'' ਵਿਚ ਸੁੱਟੇ ਜਾਣ ਤੋਂ ਡਰਦੇ ਸਨ, ਜਿੱਥੇ ਉਨ੍ਹਾਂ ਨੇ ਸਰੀਰ ਤੋਂ ਵੱਖ ਹੋਕੇ ਦੁੱਖਾਂ ਵਿਚ ਰਹਿਣਾ ਸੀ।[11] ਦੇਹ ਤੋਂ ਵੱਖ ਹੋਣ ਦਾ ਉਨ੍ਹਾਂ ਲਈ ਅਰਥ ''ਅਥਾਹ ਕੁੰਡ'' ਵਿਚ ਹੋਣਾ ਹੋ ਸਕਦਾ ਹੈ। ਜਿਸ ਵਿਸ਼ੇ ਤੇ ਪਤਰਸ ਨੇ ਕਿਹਾ ਕਿ ਨਿਆਂ ਦੇ ਦਿਨ ਤਕ ਉਨ੍ਹਾਂ ਦਾ ਟਿਕਾਣਾ ਹੋ ਸਕਦਾ ਹੈ (2 ਪਤਰਸ 2:4)।

ਇਨ੍ਹਾਂ ਭ੍ਰਿਸ਼ਟ ਆਤਮਾਵਾਂ ਨੂੰ ਪਤਾ ਸੀ ਕਿ ਪਰਮੇਸ਼ੁਰ ਦੀਆਂ ਧਮਕੀਆਂ ਐਵੇਂ ਹੀ ਨਹੀਂ ਸਨ ਅਤੇ

ਇਕ ਦਿਨ ਉਹ ਦਾ ਨਾਸ ਹੋਣਾ ਵਾਲਾ ਹੈ (ਵੇਖੋ ਮੱਤੀ 8:29; ਪ੍ਰਕਾਸ਼ 20:10)। ਇਹ ਉਸ ਤੋਂ ਕਿਤੇ ਜ਼ਿਆਦਾ ਹੈ ਜੋ ਅੱਜ ਬਹੁਤ ਸਾਰੇ ਲੋਕ ਮੰਨਦੇ ਹਨ। ਪ੍ਰਕਾਸ਼ 9:1–11 ਉਸ ਦੀ ਗੱਲ ਕਰਦਾ ਹੈ ਜਿਸ ਕੋਲ ਅਥਾਹ ਕੁੰਡ ਦੀਆਂ ''ਕੁੰਜੀਆਂ'' ਹਨ। ਅਤੇ ਉਨ੍ਹਾਂ ਦੁਸ਼ਟ ਆਤਮਾਵਾਂ ਨੂੰ ਸਭ ਕੁਝ ਕਰਨ ਦਿੰਦਾ ਹੈ। ਅਪੋਕਲਿਪਸ (ਪ੍ਰਕਾਸ਼ ਦੀ ਪੋਥੀ) ਦੀ ਰੰਗੀਨ ਤਸਵੀਰ ਵਿਚ, ਇਹ ਸਿਰਫ਼ ਉਨ੍ਹਾਂ ਗੱਲਾਂ ਦਾ ਵਰਣਨ ਕਰਦਾ ਹੋ ਸਕਦਾ ਹੈ ਜਦੋਂ ਬੁਰਿਆਈ ਮਸੀਹ ਅਤੇ ਸੰਸਾਰ ਉੱਤੇ ਜਿੱਤ ਪਾਉਣ ਦੀ ਨਾਕਾਮ ਕੋਸ਼ਿਸ਼ ਨਾਲ ਆਪਣੇ ਭਿਆਨਕ ਕੰਮ ਦਾ ਨੁਕਸਾਨ ਕਰਨ ਲਈ ਧਰਤੀ ਤੇ ਆਉਂਦੀਆਂ ਹਨ।

ਅਸ਼ੁੱਧ ਆਤਮਾਵਾਂ ਜਾਣਦੀਆਂ ਸਨ ਕਿ ਉਨ੍ਹਾਂ ਨੂੰ ਨਿਆਂ ਦਾ ਸਾਹਮਣਾ ਕਰਨਾ ਪਵੇਗਾ! ਉਸ ਘਟਨਾ ਦੇ ਘਟਨ ਦਾ ਸਮਾਂ ਕਦੋ ਹੋਵੇਗਾ ਇਹ ਬਾਈਬਲ ਇਹ ਨਹੀਂ ਦੱਸਦੀ। ਇਹ ਬਿਲਕੁਲ ਸਹੀ ਹੈ ਕਿ ਯਿਸੂ ਦੇ ਜੀ ਉੱਠਣ ਦੇ ਸਮੇਂ ਭ੍ਰਿਸ਼ਟ ਆਤਮਾਵਾਂ ਨੇ ਆਪਣੀ ਸ਼ਕਤੀ ਨੂੰ ਗੁਆ ਦਿੱਤਾ, ਜਦੋਂ ਉਸ ਨੇ ਭ੍ਰਿਸ਼ਟ ਆਤਮਾਵਾਂ ਨੂੰ ਪੂਰੀ ਤਰ੍ਹਾਂ ਨਾਲ ਖ਼ਤਮ ਕਰਕੇ ਸ਼ਤਾਨ ਨੂੰ ਸੀਮਤ ਕਰਨ ਲਈ ''ਬੰਧਨ ਨੂੰ ਬੰਨ੍ਹ ਲਿਆ'' ਅਤੇ ''ਦਾਨ'' ਪਿੱਛੇ ਛੱਡ ਦਿੱਤੇ (ਵੇਖੋ ਅਫ਼ਸੀਆਂ 4:8–16)। ਅਖ਼ੀਰ ਸੁੱਟੇ ਜਾਣ ਸਮੇਂ ਸ਼ਤਾਨ ਕੋਲ ਕੁਝ ਸ਼ਕਤੀਆਂ ਰਹਿ ਸਕਦੀਆਂ ਹਨ; ਪਰ ਨਵਾਂ ਨੇਮ ਦੱਸਦਾ ਹੈ ਕਿ ਉਹ ''ਮੋਹਰ'' ਕੀਤੇ ਹੋਇਆਂ ਭਾਵ ਉਨ੍ਹਾਂ ਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ ਜਿਹੜੇ ਪਰਮੇਸ਼ੁਰ ਦੇ ਲੋਕ ਹਨ (ਵੇਖੋ 2 ਤਿਮੋਥਿਉਸ 2:19; ਪ੍ਰਕਾਸ਼ 7:3, 4;[12] 9:4)।

**ਆਇਤ 9.** ਫਿਰ ਯਿਸੂ ਨੇ ਪੁੱਛਿਆ, **''ਤੇਰਾ ਕੀ ਨਾਉਂ ਹੈ?''**[13] ਉਸ ਨੇ ਕਿਹਾ, **''ਮੇਰਾ ਨਾਉਂ ਲਸ਼ਕਰ ਹੈ ਕਿਉਂ ਜੋ ਅਸੀਂ ਬਹੁਤੇ ਹਾਂਗੇ।''** ਉਸ ਦੇ ਜਵਾਬ ਤੋਂ ਸਾਨੂੰ ਇਹ ਨਹੀਂ ਪਤਾ ਚਲਦਾ ਕਿ ਇਹ ਕਿਸੇ ਖਾਸ ਭ੍ਰਿਸ਼ਟ ਆਤਮਾ ਦਾ ਨਾਮ ਸੀ ਜਾਂ ਇਸ ਨਾਮ ਦੀ ਕੋਈ ਜਥੇਬੰਦੀ ਸੀ। ਰੋਮੀ ''ਲਸ਼ਕਰ'' ਆਮ ਤੌਰ ਤੇ ਚਾਰ ਹਜ਼ਾਰ ਤੋਂ ਛੇ ਹਜ਼ਾਰ ਸਿਪਾਹੀਆਂ ਦੀ ਇਕ ਟੁਕੜੀ ਹੁੰਦੀ ਸੀ (ਯਿਸੂ ਦੇ ਸਮੇਂ ਵਿਚ ਕੁੱਲ ਗਿਣਤੀ ਛੇ ਹਜ਼ਾਰ ਮੰਨੀ ਜਾਂਦੀ ਸੀ)। ਜੇਕਰ ਇਸ ਭ੍ਰਿਸ਼ਟ ਆਤਮਾਵਾਂ ਦੀ ਗਿਣਤੀ ਹਜ਼ਾਰਾਂ ਵਿਚ ਸੀ, ਤਾਂ ਉਸ ਮਨੁੱਖ ਦੀ ਮਾੜੀ ਹਾਲਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

**ਆਇਤਾਂ 10-12.** ਯਕੀਨਨ ਇਹ ਭ੍ਰਿਸ਼ਟ ਆਤਮਾ ਜਾਂ ਤਾਂ ਉਸ ਮਨੁੱਖ ਦੇ ਅੰਦਰੋਂ ਬੋਲ ਸਕਦੀ ਸੀ ਜਾਂ ਬਾਹਰੋਂ। ਵਚਨ ਇਹ ਦੱਸਦਾ ਹੈ ਕਿ ਯਿਸੂ ਪਹਿਲਾਂ ਹੀ ਇਨ੍ਹਾਂ ਅਸ਼ੁੱਧ ਆਤਮਾਵਾਂ ਨੂੰ ਬਾਹਰ ਕੱਢਣ ਦੀ ਪ੍ਰਕਿਰਿਆ ਵਿਚ ਸੀ (5:8); ਅਤੇ ਉਸ ਮਨੁੱਖ ਵਿੱਚੋਂ ਬਾਹਰ ਆ ਕੇ ਉਹ ਯਿਸੂ ਨਾਲ ਗੱਲਾਂ ਕਰ ਰਹੀਆਂ ਸਨ। **ਅਤੇ ਉਨ੍ਹਾਂ ਨੇ ਉਸ ਦੀ ਮਿੰਨਤ ਕੀਤੀ ਕਿ ਸਾਨੂੰ ਸੂਰਾਂ ਵਿੱਚ ਘੱਲ ਦਿਹ ਤਾਂ ਜੋ ਅਸੀਂ ਉਨ੍ਹਾਂ ਵਿੱਚ ਜਾ ਵੜੀਏ।** ਉਹ ਉਸ ਨੂੰ ਉਨ੍ਹਾਂ ਨੂੰ **ਦੇਸ ਵਿੱਚੋਂ ਨਾ** ਕੱਢਣ ਦੀ ਬਜਾਇ **ਪਹਾੜ ਦੇ ਨੇੜੇ ਸੂਰਾਂ ਦਾ ਇੱਕ ਵੱਡਾ ਇੱਜੜ ਚੁਗਦਾ ਸੀ** ਉਸ ਵਿਚ ਜਾਣ ਨੂੰ ਕਹਿ ਰਹੇ ਸਨ।

5:2–13 ਵਿਚ ਦਰਜ ਗੱਲਬਾਤ ਸਾਨੂੰ ਭ੍ਰਿਸ਼ਟ ਆਤਮਾਵਾਂ ਦੇ ਵਿਹਾਰ ਨਾਲ ਸਬੰਧਿਤ ਯਿਸੂ ਦੇ ਅਨੋਖੇ ਗਿਆਨ ਦੇ ਬਾਰੇ ਕੁਝ ਦੱਸਦੀ ਹੈ। ਸਾਡੇ ਲਈ ਇਕ ਸਾਰਥਕ ਉਹ ਵਿਚਾਰ ਹੈ ਜਿਹੜਾ ਸਾਡੀ ਜ਼ਿੰਦਗੀ ਨੂੰ ਬੁਰਿਆਈ ਤੋਂ ਛੁਟਕਾਰਾ ਪਾਉਣ ਤੋਂ ਕਿਤੇ ਵਧੀਆ ਚੀਜ਼ ਨਾਲ ਭਰ ਦਿੰਦਾ ਹੈ। ਯਿਸੂ ਨੇ ਗ੍ਰੰਥੀਆਂ ਅਤੇ ਫ਼ਰੀਸੀਆਂ ਨੂੰ ਕਿਹਾ,

> ਪਰ ਜਾਂ ਭ੍ਰਿਸ਼ਟ ਆਤਮਾ ਮਨੁੱਖ ਤੋਂ ਨਿੱਕਲ ਗਿਆ ਹੋਵੇ ਤਾਂ ਸੁੱਕਿਆਂ ਥਾਵਾਂ ਵਿਚ ਅਰਾਮ ਭਾਲਦਾ ਫਿਰਦਾ ਹੈ ਪਰ ਨਹੀਂ ਲੱਭਦਾ। ਤਦ ਉਹ ਆਖਦਾ ਹੈ ਭਈ ਮੈਂ ਆਪਣੇ ਘਰ ਜਿੱਥੋਂ ਨਿੱਕਲਿਆ ਸਾਂ ਮੁੜ ਜਾਵਾਂਗਾ ਅਤੇ ਆਣ ਕੇ ਉਹਨੂੰ ਵਿਹਲਾ ਅਤੇ ਝਾੜਿਆ ਸੁਆਰਿਆ ਹੋਇਆ ਵੇਖਦਾ ਹੈ। ਤਦ ਉਹ ਜਾਕੇ ਹੋਰ ਸੱਤ ਆਤਮੇ ਆਪਣੇ ਨਾਲੋਂ ਵੀ ਭੈੜੇ ਸੰਗ ਲਿਆਉਂਦਾ ਹੈ ਅਤੇ ਉਹ ਅੰਦਰ ਵੜ ਕੇ ਉੱਥੇ ਵੱਸਦੇ ਹਨ। ਤਾਂ ਉਸ ਮਨੁੱਖ ਦਾ ਪਿਛਲਾ ਹਾਲ ਪਹਿਲੇ ਨਾਲੋਂ ਬੁਰਾ ਹੁੰਦਾ ਹੈ। ਇਸ ਬੁਰੀ ਪੀੜ੍ਹੀ ਦੇ ਲੋਕਾਂ ਦਾ ਵੀ ਠੀਕ ਇਹੋ ਜਿਹਾ ਹਾਲ ਹੋਵੇਗਾ (ਮੱਤੀ 12:43–45)।

ਯਿਸੂ ਇਹ ਕਹਿ ਰਿਹਾ ਸੀ ਕਿ ਭ੍ਰਿਸ਼ਟ ਆਤਮਾ ਨੂੰ ਕਿਸੇ ਵਿੱਚੋਂ ਕੱਢੇ ਜਾਣ ਤੋਂ ਬਾਅਦ, ਉਸ ਵਿਅਕਤੀ ਦੀ ਜ਼ਿੰਦਗੀ ਦੇ ਖਾਲੀਪਣ ਦੇ ਕਾਰਣ ਉਸ ਵਿਚ ਫੇਰ ਤੋਂ ਵੜ ਸਕਦੀ ਹੈ ਅਤੇ ਇਸ ਦੇ ਨਾਲ ਉਹ ਦੂਜੀਆਂ ਭ੍ਰਿਸ਼ਟ ਆਤਮਾਵਾਂ ਨੂੰ ਵੀ ਨਾਲ ਲਿਆ ਸਕਦੀ ਹੈ। ਇਸ ਆਦਮੀ ਦੇ ਮਾਮਲੇ ਵਿਚ ਅਜਿਹਾ ਲਗਦਾ ਨਹੀਂ ਹੈ ਕਿ ਉਸ ਤੇ ਇਹ ਖ਼ਤਰਾ ਹੋਵੇ, ਭਾਵੇਂ ਮੱਤੀ ਵਿਚ ਯਿਸੂ ਨੇ ਕਿਹਾ ਕਿ ਅਜਿਹਾ ਹੋ ਸਕਦਾ ਸੀ।

ਸਾਨੂੰ ਮੰਨਣਾ ਪਏਗਾ ਕਿ ਭ੍ਰਿਸ਼ਟ ਆਤਮਾਵਾਂ ਬਾਰੇ ਸਾਨੂੰ ਬਹੁਤ ਸਾਰੀਆਂ ਗੱਲਾਂ ਦਾ ਪਤਾ ਨਹੀਂ ਹੈ। ਪਰ ਜੇਕਰ ਅਸੀਂ ਉਨ੍ਹਾਂ ਦੇ ਸਬੰਧ ਵਿਚ ਨਵੇਂ ਨੇਮ ਦੀ ਸਪਸ਼ੱਟ ਸਿੱਖਿਆ ਦੀ ਮੰਨੀਏ ਤਾਂ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਯਿਸੂ ਕੋਲ ਉਨ੍ਹਾਂ ਉੱਤੇ ਪੂਰਾ ਅਧਿਕਾਰ ਸੀ। ਯਕੀਨਨ ਉਹ ਉਸ ਦੇ ਹੁਕਮ ਦੀ ਪਾਲਣਾ ਕਰਨ ਲਈ ਮਜਬੂਰ ਸਨ।

**ਆਇਤ 13. ਅਤੇ ਉਸ ਨੇ ਉਨ੍ਹਾਂ ਨੂੰ ਜਾਣ ਦਿੱਤਾ। ਤਾਂ ਭ੍ਰਿਸ਼ਟ ਆਤਮੇ ਨਿੱਕਲ ਕੇ ਸੂਰਾਂ ਵਿੱਚ ਜਾ ਵੜੇ।** ਮਰਕੁਸ ਕਈ ਵਾਰ ਉਸ ਗਿਣਤੀ ਦਾ ਵਰਣਨ ਕਰਦਾ ਹੈ ਜਿੱਥੇ ਇੰਜੀਲ ਦੇ ਹੋਰ ਵਿਰਤਾਂਤਾਂ ਵਿਚ ਇਹੋ ਜਿਹੀ ਜਾਣਕਾਰੀ ਨੂੰ ਛੱਡ ਦਿੱਤਾ ਗਿਆ ਹੈ ਜਾਂ ਇਸ ਤੋਂ ਫ਼ਰਕ ਢੰਗ ਨਾਲ ਦੱਸਦੇ ਹਨ।[14] ਇਸ ਵਿਰਤਾਂਤ ਵਿਚ ਉਹ ਸੂਰਾ ਦਾ ਇੱਜੜ **ਦੋ ਕੁ ਹਜ਼ਾਰ** ਦਾ **ਸੀ**, ਉਹ ਝੀਲ ਵਿੱਚ **ਡੁੱਬ ਮੋਏ।** ਅਸੀਂ ਨਹੀਂ ਜਾਣਦੇ ਕਿ ਸੂਅਰਾਂ ਦੇ ਭੱਜਣ ਨਾਲ ਭਗਦੜ ਮੱਚ ਗਈ ਜਾਂ ਅਸ਼ੁੱਧ ਆਤਮਾ ਸਾਰੇ ਸੂਅਰਾਂ ਵਿਚ ਚਲੀ ਗਈ।

ਕਈਆਂ ਦਾ ਸਵਾਲ ਸੀ, ''ਭਲਾ ਯਿਸੂ ਨੂੰ ਦੋ ਹਜ਼ਾਰ ਸੂਰਾਂ ਨੂੰ ਜਿਹੜੇ ਆਪਣੇ ਮਾਲਕਾਂ ਦੀ ਰੋਜ਼ੀ-ਰੋਟੀ ਸਨ, ਨੂੰ ਖ਼ਤਮ ਕਰਨ ਦਾ ਅਧਿਕਾਰ ਸੀ?'' ਜੇਕਰ ਮਾਲਕ ਯਹੂਦੀ ਸਨ ਤਾਂ ਉਨ੍ਹਾਂ ਲਈ ਸੂਰ ਪਾਲਣਾ ਗੈਰ ਕਾਨੂੰਨੀ ਸੀ। ਜੇਕਰ ਅਜਿਹਾ ਸੀ ਤਾਂ ਯਿਸੂ ਨੇ ਉਨ੍ਹਾਂ ਦੀ ਜਮੀਰ ਨੂੰ ਛੇੜਣ ਦੀ ਕੋਸ਼ਿਸ਼ ਕੀਤੀ ਹੋਵੇਗੀ। ਸ਼ਾਇਦ ਉਸ ਨੂੰ ਪਤਾ ਸੀ ਕਿ ਕੀ ਹੋਵੇਗਾ ਅਤੇ ਉਹਨੇ ਸੋਚਿਆ, ''ਇਹ ਯਹੂਦੀ ਜਾਣਦੇ ਸਨ ਕਿ ਯਹੂਦੀਆਂ ਲਈ ਸੂਰ ਦਾ ਮਾਸ ਖਾਣਾ ਵਰਜਿਤ ਹੈ ਅਤੇ ਉਨ੍ਹਾਂ ਦੇ ਸੂਰਾਂ ਦੇ ਇੱਜੜ ਦਾ ਡੁੱਬਣਾ ਉਨ੍ਹਾਂ ਲਈ ਇਕ ਸਬਕ ਹੋਵੇਗਾ।'' ਜਦਕਿ ਸੂਰਾਂ ਦਾ ਨਾਸ ਸ਼ਤਾਨੀ ਆਤਮਾ ਨੇ ਕੀਤਾ ਨਾ ਕਿ ਯਿਸੂ ਨੇ।

ਅਤੇ ਇਹ ਵੀ ਹੋ ਸਕਦਾ ਹੈ ਕਿ ਸੂਰਾਂ ਨੂੰ ਪਾਲਣ ਵਾਲੇ ਗੈਰ-ਯਹੂਦੀ ਹੋਣ। ਇਸ ਸਥਿਤੀ ਵਿਚ, ਅਸ਼ੁੱਧ ਆਤਮਾਵਾਂ ਨੂੰ ਸੂਰਾਂ ਜਾਣ ਅਤੇ ਅਤੇ ਉਨ੍ਹਾਂ ਦੇ ਨਾਸ ਹੋਣ ਦੇ ਕੇ ਯਿਸੂ ਨੇ ਇਨ੍ਹਾਂ ਲੋਕਾਂ ਨੂੰ ਜਿਹੜੇ ਪਰਮੇਸ਼ੁਰ ਨੂੰ ਨਹੀਂ ਜਾਣਦੇ ਸਨ ਯਕੀਨ ਦੁਆਇਆ ਕਿ ਮੋਅਜਜ਼ਾ ਹੋਇਆ ਹੈ।

ਫ਼ਰੀਸੀਆਂ ਨੇ ਯਿਸੂ ਉੱਤੇ ਸ਼ਤਾਨ ਨਾਲ ਮਿਲੀ-ਭਗਤ ਕਰਨ ਦਾ ਦੋਸ਼ ਲਾਇਆ (ਵੇਖੋ 3:22), ਅਤੇ ਇਹ ਕਾਰਵਾਹੀ ਉਸ ਝੂਠੇ ਇਲਜ਼ਾਮ ਦੇ ਵਿਰੁੱਧ ਪੱਕਾ ਸਬੂਤ ਸੀ। ਤਾਂ ਫਿਰ ਯਿਸੂ ਨੇ ਇਹ ਪ੍ਰਦਰਸ਼ਨ ਗਲੀਲ ਦੀ ਝੀਲ ਦੇ ਪਾਰ ਯਹੂਦੀਆ ਵਿਚ ਕਿਉਂ ਨਹੀਂ ਕੀਤਾ? ਭਲਾ ਇਸ ਲਈ ਕਿ ਫ਼ਰੀਸੀਆਂ ਵਾਂਗ ਜਿਹੜੇ ਵਿਸ਼ਵਾਸ ਨਹੀਂ ਕਰਨਾ ਚਾਹੁੰਦੇ ਸਨ ਯਹੂਦੀਆਂ ਨੇ ਵੀ ਇਸ ਸਬੂਤ ਨੂੰ ਰੱਦ ਕਰ ਦੇਣਾ ਸੀ? ਇਸ ਤੋਂ ਇਲਾਵਾ 3:22-29 ਵਿਚ ਬੜੀ ਸਮਝਦਾਰੀ ਨਾਲ ਇਹ ਵਿਖਾਉਂਦੇ ਹੋਏ ਕਿ ਉਸ ਦਾ ਸ਼ਤਾਨ ਨਾਲ ਕੋਈ ਸਬੰਧ ਨਹੀਂ ਸੀ ਤਰਕ ਦੀ ਵਰਤੋਂ ਕਰਦੇ ਹੋਏ ਉਹਨੇ 3:22 ਵਿਚ ਲਾਏ ਇਲਜ਼ਾਮ ਦਾ ਜਵਾਬ ਦੇ ਦਿੱਤਾ ਸੀ। ਸ਼ਤਾਨ ਨੇ ਅਸ਼ੁੱਧ ਆਤਮਾ ਤੋਂ ਪੀੜਤ ਵਿਅਕਤੀ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਪਰ ਯਿਸੂ ਬਚਾਉਣ ਅਤੇ ਆਰਾਮ ਦੇਣ ਆਇਆ।

## ਯਿਸੂ ਦੇ ਵਿਸ਼ੇ ਤੇ ਮਿਲੀ ਜੁਲੀ ਪ੍ਰਤੀਕਿਰਿਆ (5:14-20)

[14]**ਤਦ ਉਨ੍ਹਾਂ ਦੇ ਚੁਗਾਉਣ ਵਾਲਿਆਂ ਨੇ ਨੱਠ ਕੇ ਨਗਰ ਅਤੇ ਪਿੰਡਾਂ ਵਿੱਚ ਖਬਰ ਪੁਚਾਈ ਅਰ**

**ਲੋਕ ਇਹ ਵੇਖਣ ਨਿੱਕਲੇ ਜੋ ਕੀ ਹੋਇਆ ਹੈ** [15]**ਅਤੇ ਯਿਸੂ ਦੇ ਕੋਲ ਆਣ ਕੇ ਉਸ ਭੂਤ ਵਾਲੇ ਨੂੰ ਜਿਸ**
**ਉੱਤੇ ਲਸ਼ਕਰ ਦਾ ਸਾਯਾ ਸੀ ਕੱਪੜੇ ਪਹਿਨੀ ਅਤੇ ਸੁਰਤ ਸਮ੍ਹਾਲੀ ਬੈਠਾ ਵੇਖਿਆ ਅਤੇ ਉਹ ਡਰ ਗਿਆ**
[16]**ਤਾਂ ਵੇਖਣ ਵਾਲਿਆਂ ਨੇ ਉਸ ਭੂਤ ਵਾਲੇ ਦੀ ਵਾਰਤਾ ਅਤੇ ਸੂਰਾਂ ਦਾ ਹਵਾਲਾ ਉਨ੍ਹਾਂ ਨੂੰ ਦੱਸਿਆ**
[17]**ਤਦ ਓਹ ਉਸ ਦੀ ਮਿੰਨਤ ਕਰਨ ਲੱਗੇ ਜੋ ਸਾਡੀ ਹੱਦੋਂ ਬਾਹਰ ਨਿੱਕਲ ਜਾਓ** [18]**ਅਤੇ ਜਿਉਂ ਉਹ**
**ਬੇੜੀ ਉੱਤੇ ਚੜ੍ਹਨ ਲੱਗਾ ਤਾਂ ਉਸ ਭੂਤ ਵਾਲੇ ਨੇ ਉਸ ਦੇ ਨਾਲ ਰਹਿਣ ਲਈ ਉਸ ਦੇ ਅੱਗੇ ਬੇਨਤੀ**
**ਕੀਤੀ** [19]**ਉਸ ਨੇ ਉਹਨੂੰ ਰਹਿਣ ਨਾ ਦਿੱਤਾ ਪਰ ਓਹ ਨੂੰ ਆਖਿਆ, ਆਪਣੇ ਘਰ ਆਪਣੇ ਸਾਕਾਂ ਕੋਲ**
**ਜਾਹ ਅਤੇ ਉਨ੍ਹਾਂ ਨੂੰ ਦੱਸ ਜੋ ਪ੍ਰਭੁ ਨੇ ਤੇਰੇ ਲਈ ਕੇਡੇ ਕੰਮ ਕੀਤੇ ਹਨ ਅਰ ਤੇਰੇ ਉੱਤੇ ਦਯਾ ਕੀਤੀ**
[20]**ਤਾਂ ਉਹ ਚੱਲਿਆ ਗਿਆ ਅਰ ਦਿਕਾਪੁਲਿਸ ਵਿੱਚ ਪ੍ਰਚਾਰ ਕਰਨ ਲੱਗਾ ਜੋ ਯਿਸੂ ਨੇ ਮੇਰੇ ਲਈ ਕੇਡੇ**
**ਕੰਮ ਕੀਤੇ ਤਾਂ ਸਾਰੇ ਲੋਕ ਹੈਰਾਨ ਹੋਏ।**

**ਆਇਤ 14.** ਸਥਾਨਕ ਲੋਕਾਂ ਨੇ ਆਪਣੇ ਸੂਰਾਂ ਨੂੰ ਗੁਆ ਦਿੱਤਾ ਸੀ ਅਤੇ ਉਹ ਡਰ ਨਾਲ ਭਰੇ ਹੋਏ ਸਨ। ਚਸ਼ਮਦੀਦ ਗਵਾਹ ਦੂਜਿਆਂ ਨੂੰ ਦੱਸਣ ਲਈ ਭੱਜੇ ਅਤੇ **ਲੋਕ ਇਹ ਵੇਖਣ ਨਿੱਕਲੇ ਜੋ ਕੀ ਹੋਇਆ ਹੈ।** ਜੇਕਰ ਯਹੂਦੀ ਸੂਰ ਪਾਲਣ ਦਾ ਕੰਮ ਕਰ ਰਹੇ ਸਨ, ਤਾਂ ਉਨ੍ਹਾਂ ਦੇ ਮਨ ਪਰੇਸ਼ਾਨ ਹੋ ਗਏ ਹੋਣਗੇ। ਜੇ ਉਹ ਗ਼ੈਰ-ਯਹੂਦੀ ਸਨ ਤਾਂ ਉਹ ਬਹੁਤ ਡਰ ਗਏ ਹੋਣਗੇ ਕਿ ਇਸ ਸ਼ਕਤੀਸ਼ਾਲੀ ਓਪਰੇ ਮਨੁੱਖ ਤੋਂ ਸਾਨੂੰ ਹੋਰ ਕੀ ਦੁੱਖ ਝੱਲਣਾ ਪਵੇਗਾ।

**ਆਇਤਾਂ 15, 16.** ਇੱਜੜ ਦੇ ਨਾਸ ਤੋਂ ਇਲਾਵਾ ਵੇਖਣ ਆਏ ਲੋਕਾਂ ਨੇ ਵੇਖਿਆ ਕਿ **ਯਿਸੂ ਦੇ ਕੋਲ ਆਣ ਕੇ ਉਸ ਭੂਤ ਵਾਲੇ ਨੂੰ ਜਿਸ ਉੱਤੇ ਲਸ਼ਕਰ ਦਾ ਸਾਯਾ ਸੀ ਕੱਪੜੇ ਪਹਿਨੀ ਅਤੇ ਸੁਰਤ ਸਮ੍ਹਾਲੀ ਬੈਠਾ ਵੇਖਿਆ** ਅਤੇ ਉਨ੍ਹਾਂ ਨੂੰ ਪੂਰੀ **ਵਾਰਤਾ ਉਨ੍ਹਾਂ ਨੂੰ ਦੱਸੀ।** ਵਚਨ ਕਹਿੰਦਾ ਹੈ ਕਿ ਉਹ **ਡਰ ਗਿਆ।** ਯਿਸੂ ਵੱਲੋਂ ਕੀਤੇ ਕੰਮ ਕਰਕੇ ਉਨ੍ਹਾਂ ਦੀ ਸੋਚ ਨੂੰ ਚੁਣੌਤੀ ਮਿਲਣੀ ਚਾਹੀਦੀ ਸੀ। ਉਨ੍ਹਾਂ ਨੂੰ ਪੁੱਛਣਾ ਚਾਹੀਦਾ ਸੀ ਕਿ ਇਹ ਮਨੁੱਖ ਕੌਣ ਹੈ ਅਤੇ ਨਿਚੋੜ ਕੱਢਣਾ ਚਾਹੀਦਾ ਸੀ, ''ਮਨੁੱਖਾਂ, ਬਦਰੂਹਾਂ, ਜਾਨਵਰਾਂ ਉੱਤੇ ਸਮਰੱਥਾ ਰੱਖਣ ਵਾਲਾ ਇਹ ਮਨੁੱਖ ਯਕੀਨਨ ਪਰਮੇਸ਼ੁਰ ਵੱਲੋਂ ਸੀ।'' ਯਕੀਨਨ ਸੁਚੇਤ ਲੋਕਾਂ ਨੇ ਕਿਹਾ ਹੋਵੇਗਾ, ''ਆਓ ਅਸੀਂ ਉਸ ਦੇ ਕੋਲ ਚਲੀਏ, ਕਿਉਂਕਿ ਹੋ ਸਕਦਾ ਹੈ ਕਿ ਸ਼ਾਇਦ ਉਸ ਕੋਲ ਸਾਡੀ ਮੁਕਤੀ ਦੇ ਸਬਕ ਹੋਵੇ!'' ਪਰ ਉਨ੍ਹਾਂ ਦੇ ਦਿਲ ਆਪਣੇ ਘਾਟੇ ਅਤੇ ਉਸ ਤੋਂ ਪਿੱਛਾ ਛੁਡਾਉਣ ਤੋਂ ਵਧ ਕੇ ਹੋ ਕੁਝ ਨਹੀਂ ਸੋਚ ਪਾਏ। ਉਸ ਦੀ ਸਮਰੱਥਾ ਨਾਲ ਡਰ ਅਤੇ ਘਾਟਾ ਹੋਣ ਦੀ ਉਨ੍ਹਾਂ ਦੀ ਚਿੰਤਾ ਨੇ ਆਪਣੇ ਬਚਾਅ ਦੀ ਚਿੰਤਾ ਨੂੰ ਨਕਾਰ ਦਿੱਤਾ।

**ਆਇਤਾਂ 17-19.** ਇਲਾਕੇ ਦੇ ਲੋਕ ਭਾਵੇਂ **ਉਸ ਦੀ ਮਿੰਨਤ ਕਰਨ ਲੱਗੇ ਜੋ ਸਾਡੀ ਹੱਦੋਂ ਬਾਹਰ ਨਿੱਕਲ ਜਾਓ।** ਪਰ ਭੂਤ ਚੰਬੜੇ ਆਦਮੀ ਨੇ **ਉਸ ਦੇ ਨਾਲ ਰਹਿਣ ਲਈ ਉਸ ਦੇ ਅੱਗੇ ਬੇਨਤੀ ਕੀਤੀ।** ਯਿਸੂ ਨੇ ਬੇੜੀ ਤੇ ਜਾਣ ਲੱਗਿਆਂ ਦੋਹਾਂ ਬੇਨਤੀਆਂ ਦਾ ਜਵਾਬ ਦਿੱਤਾ, ਅਸੀਂ ਹੈਰਾਨ ਹੋ ਸਕਦੇ ਹਾਂ ਕਿ ਉਸ ਨੇ ਪਹਿਲੀ ਬੇਨਤੀ ਨੂੰ ਮੰਨਿਆ ਪਰ ਦੂਜੀ ਨਹੀਂ। ਪਰ ਕੁਝ ਬੇਨਤੀਆਂ ਨੂੰ ਮੰਨ ਲੈਣਾ ਪਰਮੇਸ਼ੁਰ ਵੱਲੋਂ ਸਾਡੇ ਲਈ ਕੀਤੀ ਜਾਣ ਵਾਲੀ ਸਭ ਤੋਂ ਬੁਰੀ ਗੱਲ ਹੋ ਸਕਦੀ ਹੈ। ਇਸਰਾਏਲ ਦੇ ਸਬੰਧ ਵਿਚ, ਜ਼ਬੂਰ 106:15 ਕਹਿੰਦਾ ਹੈ, ''ਤਾਂ ਉਹਨੇ ਉਨ੍ਹਾਂ ਦੀ ਮੰਗ ਪੂਰੀ ਕੀਤੀ, ਪਰ ਉਨ੍ਹਾਂ ਦੀਆਂ ਜਾਨਾਂ ਨੂੰ ਲਿੱਸਿਆਂ ਕੀਤਾ'' (ASV)। ਇਨ੍ਹਾਂ ਡਰੇ ਹੋਏ ਲੋਕਾਂ ਨੂੰ ਅਸਲ ਵਿਚ ਸਮਝ ਨਹੀਂ ਆ ਰਿਹਾ ਸੀ ਕਿ ਉਨ੍ਹਾਂ ਨੂੰ ਕੀ ਚਾਹੀਦਾ ਹੈ। ਉਨ੍ਹਾਂ ਦੇ ਬੇਨਤੀ ਕਰਨ ਤੇ ਮਸੀਹਾ ਨੇ ਉਨ੍ਹਾਂ ਦਾ ਇਲਾਕਾ ਛੱਡ ਦਿੱਤਾ। ਉਹ ਉੱਥੇ ਕਦੇ ਨਹੀਂ ਰਹਿੰਦਾ ਜਿੱਥੇ ਉਸ ਦੀ ਜ਼ਰੂਰਤ ਨਹੀਂ ਹੁੰਦੀ।

ਭੂਤਾਂ ਤੋਂ ਪਰੇਸ਼ਾਨ ਇਹ ਆਦਮੀ ਉਨ੍ਹਾਂ ਇਲਾਕੇ ਨੂੰ ਛੱਡ ਦੇਣਾ ਚਾਹੁੰਦਾ ਸੀ ਜਿੱਥੇ ਉਸ ਨੇ ਬਹੁਤ ਸਾਰੇ ਸਰਮਨਾਕ ਕੰਮ ਕੀਤੇ ਸਨ। ਬੇਸ਼ੱਕ ਉਹਦਾ ਮੰਨਦਾ ਸੀ ਕਿ ਉਹਨੂੰ ਸਮਾਜ ਵਿਚ ਆਪਣੀ ਬਦਨਾਮੀ ਨੂੰ ਦੂਰ ਕਰਨ ਲਈ ਮੁਸ਼ਕਿਲ ਹੋਵੇਗੀ। ਇਸ ਤੋਂ ਇਲਾਵਾ ਸ਼ਾਇਦ ਉਹ ਲੰਮੇ ਸਮੇਂ ਤੋਂ ਆਪਣੇ ਪਰਿਵਾਰ

ਤੋਂ ਵੱਖਰਾ ਸੀ ਅਤੇ ਉਹਨੂੰ ਨਹੀਂ ਲਗਦਾ ਸੀ ਕਿ ਉਹ ਚਾਹੁੰਦੇ ਹੋਣ ਕਿ ਉਹ ਵਾਪਸ ਆਵੇ। ਸਭ ਤੋਂ ਵੱਧ ਉਹ ਹਰ ਚੀਜ਼ ਵਿਚ ਯਿਸੂ ਦਾ ਦੇਣਦਾਰ ਸੀ ਅਤੇ ਉਹ ਉਸ ਦੇ ਨਾਲ ਹੀ ਰਹਿਣਾ ਚਾਹੁੰਦਾ ਸੀ।

ਪਰ ਮਸੀਹ ਦਾ ਉਦੇਸ਼ ਉਸ ਤੋਂ ਵੀ ਕਿਤੇ ਵੱਡਾ ਹੈ। **ਉਸ ਨੇ ਓਹ ਨੂੰ ਆਖਿਆ, ਆਪਣੇ ਘਰ ਆਪਣੇ ਸਾਕਾਂ ਕੋਲ ਜਾਹ ਅਤੇ ਉਨ੍ਹਾਂ ਨੂੰ ਦੱਸ ਜੋ ਪ੍ਰਭੂ ਨੇ ਤੇਰੇ ਲਈ ਕੇਡੇ ਕੰਮ ਕੀਤੇ ਹਨ ਅਰ ਤੇਰੇ ਉੱਤੇ ਦਯਾ ਕੀਤੀ।** ਇਸ ਆਦਮੀ ਨੂੰ ਗੁਲਾਮੀ ਤੋਂ ਮਿਲੀ ਨਵੀਂ-ਨਵੀਂ ਆਜਾਦੀ ਨੇ ਉਸ ਨੂੰ ਯਿਸੂ ਦਾ ਇਕ ਚੰਗਾ ਦੂਤ ਬਣਾਉਣਾ ਸੀ। ਉਸ ਇਲਾਕੇ ਦੇ ਲੋਕਾਂ ਨੂੰ ਇੰਜੀਲ ਦੀ ਖੁਸ਼ਖ਼ਬਰੀ ਲਈ ਤਿਆਰ ਰਹਿਣ ਦੀ ਲੋੜ ਸੀ। ਇਹ ਆਦਮੀ ਹੁਣ ਖੁਸ਼ਖ਼ਬਰੀ ਦਾ ਬੀ ਬੀਜਣ ਲਈ ਜ਼ਮੀਨ ਨੂੰ ਤਿਆਰ ਕਰਨ ਲਈ ਸਹੀ ਵਿਅਕਤੀ ਹੋਣਾ ਸੀ, ਅਤੇ ਯਕੀਨਨ ਉਸ ਨੇ ਅਜਿਹਾ ਕੀਤਾ। ਉਸ ਦੀ ਬੇਨਤੀ ਦਾ ਜਵਾਬ ਉਸ ਦੀ ਇੱਛਾ ਅਨੁਸਾਰ ਨਹੀਂ ਸੀ, ਪਰ ਉਸ ਨੇ ਜਿੱਥੇ ਵੀ ਜਾਣਾ ਸੀ ਖੁਸ਼ਖ਼ਬਰੀ ਦਾ ਪ੍ਰਚਾਰ ਵਧੀਆ ਢੰਗ ਨਾਲ ਕੀਤਾ ਹੋਵੇਗਾ।

ਹੁਣ ਇਸ ਆਦਮੀ ਦੀ ਜ਼ਿੰਦਗੀ ਐਨੀ ਸ਼ਾਨਦਾਰ ਸੀ ਕਿ ਉਹ ਦੂਜਿਆਂ ਨੂੰ ਇਸ ਅਜੀਬ ਯਹੂਦੀ ਅਤੇ ਇਸ ਦੀ ਸਮਰੱਥਾ ਬਾਰੇ ਦੱਸ ਸਕਦਾ ਸੀ! ਛੇਤੀ ਹੀ ਉਨ੍ਹਾਂ ਨੇ ਉਸ ਦੀ ਮੌਤ ਅਤੇ ਜੀ ਉੱਠਣ ਅਤੇ ਹਮੇਸ਼ਾ ਦੀ ਜ਼ਿੰਦਗੀ ਦੀ ਉਸ ਦੀ ਪੇਸ਼ਕਸ਼ ਦੇ ਸੰਦੇਸ਼ ਨੂੰ ਸੁਣਨਾ ਸੀ। ਬਾਅਦ ਵਿਚ ਲਗਦਾ ਹੈ ਕਿ ਉਸ ਇਲਾਕੇ ਵਿਚ ਯਿਸੂ ਦੇ ਮਗਰ ਚੱਲਣ ਵਾਲੇ ਬਹੁਤ ਸਾਰੇ ਲੋਕ ਹੋ ਗਏ (7:31-37) । ਸ਼ਾਇਦ ਰਸੂਲਾਂ ਦਾ ਕੰਮ ਬਹੁਤ ਅਸਾਨ ਹੋ ਗਿਆ ਕਿਉਂ ਜੋ ਇਸ ਆਦਮੀ ਨੇ ਬਚਾਉਣ ਵਾਲੀ ਮਸੀਹ ਦੀ ਜ਼ਬਰਦਸਤ ਸਮਰੱਥਾ ਨੂੰ ਉਸ ਇਲਾਕੇ ਵਿਚ ਪਹਿਲਾਂ ਹੀ ਦੱਸ ਦਿੱਤਾ ਸੀ।

ਸਾਨੂੰ ਆਪਣੀ ਬਰਕਤਾਂ ਨੂੰ ''ਨਾਮ ਬਨਾਮ'' ਗਿਣਨਾ ਚਾਹੀਦਾ ਹੈ।[15] ਜੇ ਅਸੀਂ ਅਜਿਹਾ ਕਰਦੇ ਹਾਂ ਤਾਂ ਸਾਡੇ ਅੰਦਰ ਵੀ ਇਸ ਆਦਮੀ ਵਾਲੀ ਤਾਂਘ ਹੋਵੇਗੀ। ਯਿਸੂ ਨੇ ਉਸ ਨੂੰ ਉਹ ਦੱਸਣ ਲਈ ਕਿਹਾ ਜੋ ਉਸ ਦੇ ਨਾਲ ਹੋਇਆ ਸੀ, ਕਿਉਂ ਜੋ ਇਕ ਗੈਰਕੌਮ ਇਲਾਕਾ ਸੀ ਜਿਹੜਾ ਦੁਨਿਆਵੀ ਮਸੀਹਾ ਦੀ ਭਾਲ ਉਵੇਂ ਨਹੀਂ ਕਰ ਰਿਹਾ ਸੀ ਜਿਵੇਂ ਯਹੂਦੀ ਕਰ ਰਹੇ ਸਨ।[16]

**ਆਇਤ 20. ਤਾਂ ਉਹ ਦਿਕਾਪੁਲਿਸ ਵਿੱਚ ਪ੍ਰਚਾਰ ਕਰਨ ਲੱਗਾ ਜੋ ਯਿਸੂ ਨੇ ਮੇਰੇ ਲਈ ਕੇਡੇ ਕੰਮ ਕੀਤੇ ਤਾਂ ਸਾਰੇ ਲੋਕ ਹੈਰਾਨ ਹੋਏ।** ''ਦਿਕਾਪੁਲਿਸ'' ਸਿਕੰਦਰ ਮਹਾਨ ਵੱਲੋਂ ਕਾਇਮ ਕੀਤੇ ਗਏ ਯੂਨਾਨੀ ਪਿਛੋਕੜ ਵਾਲੇ ਦਸ ਸ਼ਹਿਰਾਂ ਵਿੱਚੋਂ ਪ੍ਰਮੁੱਖ ਸੀ। ਪ੍ਰਾਚੀਨ ਮੱਧਪੂਰਵੀ ਸ਼ਹਿਰਾਂ ਦੇ ਸਭ ਤੋਂ ਵਧੀਆ ਤਰੀਕਾ ਨਾਲ ਸੁਰੱਖਿਅਤ ਰੱਖੇ ਗਏ ਖੰਡਰਾਂ ਵਿੱਚੋਂ ਇਕ ਮਸ਼ਹੂਰ ਬੈਤ-ਸ਼ਿਆਨ ਅਰਥਾਤ ਸਕੂਤਪੁਲਿਸ ਨੂੰ ਛੱਡ ਸਾਰੇ ਯਰਦਨ ਦੇ ਪੂਰਵ ਵੱਲ ਸਨ। ਬਾਕੀ ਦੇ ਨੌਂ ਸ਼ਹਿਰ ਫਿਲਦਿਲਫ਼ਿਯਾਹ, ਗਿਰਾਸਾ, ਪੇਲਾ, ਦਮਿਸ਼ਕ, ਕਨਾਤਾ, ਦਿਓਨ, ਅਬੀਲਾ, ਗਦਾਰਾ ਅਤੇ ਹਿੱਪੋਸ ਦਸਾਂ ਸ਼ਹਿਰਾਂ ਨੂੰ ਗੈਰਕੌਮ ਸ਼ਹਿਰ ਮੰਨਿਆ ਜਾਂਦਾ ਸੀ।[17] ਇਹ ਰੋਮੀ ਹਕੂਮਤ ਦੇ ਮਤਹਿਤ ਸਨ ਅਤੇ ਮੁੱਖ ਤੌਰ ੇਤ ਅਜ਼ਾਦ ਸਨ ਅਤੇ ਯੂਨਾਨੀ ਤੌਰ ਤਰੀਕਿਆਂ ਦੀ ਵਰਤੋਂ ਕਰਦੇ ਸਨ, ਜਿਵੇਂ ਕਿ ਉਨ੍ਹਾਂ ਦੇ ਮੰਦਰਾਂ ਅਤੇ ਐਂਪੀ ਥਿਏਟਰਾਂ ਤੋਂ ਪਤਾ ਲਗਦਾ ਹੈ।

ਨਾਸਰਤ ਦਾ ਸਭ ਤੋਂ ਨੇੜਲਾ ਗੈਰਕੌਮ ਸ਼ਹਿਰ ਸਿਫ਼ੋਰਿਸ ਸੀ ਜੋ ਕਿ ਯਿਸੂ ਦੇ ਘਰ ਤੋਂ ਮਸਾਂ ਤਿੰਨ ਕੁ ਮੀਲ ਸੀ। ਇਸ ਸ਼ਹਿਰ ਨੂੰ ਉਸ ਦੀ ਜਵਾਨੀ ਵੇਲੇ ਵਸਾਇਆ ਗਿਆ ਸੀ। ਖ਼ੁਦਾਈ ਦੌਰਾਨ ਉਸ ਤੋਂ ਖੂਬਸੂਰਤ ਟਾਈਲ ਮਿਲੀ ਹੈ। ਤਰਖਾਣ ਹੋਣ ਕਰਕੇ ਯਿਸੂ ਦੇ ਪਿਤਾ ਨੂੰ ਉਸ ਸ਼ਹਿਰ ਨੂੰ ਖੜਾ ਕਰਨ ਵਿਚ ਮਦਦ ਲਈ ਮਜ਼ਦੂਰੀ ਤੇ ਲਾਇਆ ਗਿਆ ਹੋ ਸਕਦਾ ਸੀ।

ਆਲੇ ਦੁਆਲੇ ਦੇ ਯੂਨਾਨੀ ਪ੍ਰਭਾਵ ਕਰਕੇ ਅਜਿਹਾ ਲਗਦਾ ਹੈ ਕਿ ਯਿਸੂ ਨੇ ਆਪਣੇ ਅਲੌਕਿਕ ਗਿਆਨ ਤੋਂ ਇਲਾਵਾ ਯੂਨਾਨੀ ਬੋਲਣਾ ਸਿੱਖ ਲਿਆ। ਯਿਸੂ ਦੇ ਰਸੂਲਾਂ ਨੂੰ ਜਿਹੜੇ ਜ਼ਿਆਦਾਤਰ ਗਲੀਲੀ ਸਨ, ਯੂਨਾਨੀ ਭਾਸ਼ਾ ਆਉਂਦੀ ਸੀ। ਅਸਲ ਵਿਚ ਗਲੀਲ ਵਿਚ ਯੂਨਾਨੀ ਭਾਸ਼ਾ ਦਾ ਬੜਾ ਪ੍ਰਭਾਅ ਸੀ; ਯਹੂਦੀਆ ਦੇ ਯਹੂਦੀ ਉਸ ਨੂੰ ''ਪਰਾਈਆਂ ਕੌਮਾਂ ਦੀ ਗਲੀਲ'' ਆਖਦੇ ਸਨ (ਮੱਤੀ

4:15, 16 ਵੇਖੋ; ਯਸਾਯਾਹ 9:1, 2)। ਯਿਸੂ ਦੇ ਮਗਰ ਮਗਰ ਚੱਲਣ ਵਾਲੀ ਵੱਡੀ ਭੀੜ ਵਿਚ ਦਿਕਾਪੁਲਿਸ ਦੇ ਲੋਕ ਹੁੰਦੇ ਸਨ (ਮੱਤੀ 4:25), ਉਸ ਇਲਾਕੇ ਦੇ ਲੋਕਾਂ ਦਾ ਉਸ ਵੱਲ ਬਹੁਤਾ ਧਿਆਨ ਉਦੋਂ ਪਿਆ ਜਦੋਂ ਗੁੰਗੇ ਅਤੇ ਬੋਲੇ ਆਦਮੀ ਨੂੰ ਚੰਗਾ ਕੀਤਾ ਗਿਆ (ਮਰਕੁਸ 7:31–35)। ਯਿਸੂ ਦੇ ਹੁਕਮ ਦੇ ਉਲਟ ਉਸ ਉਸ ਦੀ ਅਤੇ ਉਸ ਦੇ ਮੋਅਜਜ਼ਿਆਂ ਦੀ ਖ਼ਬਰ ਖੁੱਲ ਕੇ ਲੋਕਾਂ ਨੂੰ ਦੱਸ ਰਹੇ ਸਨ (7:36)। ਲੋਕ ਹੈਰਾਨ ਹੋ ਕੇ ਆਖਦੇ ਸਨ, ''ਕਿ ਉਹਨੇ ਸੱਭੋ ਕੁਝ ਅੱਛਾ ਕੀਤਾ ਹੈ! ਉਹ ਬੋਲਿਆਂ ਨੂੰ ਸੁਣਨ ਅਤੇ ਗੁੰਗਿਆਂ ਨੂੰ ਬੋਲਣ ਦੀ ਸ਼ਕਤੀ ਦਿੰਦਾ ਹੈ!'' (7:37)।

## ਆਪਣੀ ਧੀ ਦੀ ਖ਼ਾਤਿਰ ਇਕ ਪਿਤਾ ਦਾ ਤਰਲਾ (5:21-24)[18]

**21ਜਾਂ ਯਿਸੂ ਬੇੜੀ ਉੱਤੇ ਫੇਰ ਪਾਰ ਲੰਘਿਆ ਤਾਂ ਇੱਕ ਵੱਡੀ ਭੀੜ ਉਸ ਕੋਲ ਇਕੱਠੀ ਹੋਈ ਅਤੇ
ਉਹ ਝੀਲ ਦੇ ਕੰਢੇ ਉੱਤੇ ਸੀ 22ਅਰ ਸਮਾਜ ਦੇ ਸਰਦਾਰਾਂ ਵਿੱਚੋਂ ਜੈਰੁਸ ਨਾਮੇ ਇੱਕ ਮਨੁੱਖ ਆਇਆ
ਅਤੇ ਉਹਨੂੰ ਵੇਖ ਕੇ ਉਹਦੇ ਪੈਰੀਂ ਪੈ ਗਿਆ 23ਅਤੇ ਉਹਦੀ ਬਹੁਤ ਮਿੰਨਤ ਕੀਤੀ ਜੋ ਮੇਰੀ ਛੋਟੀ ਕਾਕੀ
ਮਰਨਾਊ ਹੈ, ਚੱਲ ਕੇ ਉਹਦੇ ਉੱਤੇ ਆਪਣੇ ਹੱਥ ਰੱਖ ਤਾਂ ਜੋ ਉਹ ਚੰਗੀ ਹੋ ਜਾਵੇ ਅਤੇ ਜੀਉਂਦੀ ਰਹੇ 24ਤਦ
ਉਹ ਉਸ ਦੇ ਨਾਲ ਗਿਆ ਅਰ ਵੱਡੀ ਭੀੜ ਉਹਦੇ ਮਗਰ ਤੁਰ ਪਈ ਅਤੇ ਉਹਨੂੰ ਦਬਾਈ ਜਾਂਦੀ ਸੀ।**

**ਆਇਤ 21. ਯਿਸੂ ਬੇੜੀ ਉੱਤੇ ਫੇਰ ਪਾਰ ਲੰਘਿਆ।** ਗਲੀਲ ਵਿਚ ਵਾਪਸੀ ਦੌਰਾਨ ਯਿਸੂ ਨੂੰ ਅਰਾਮ ਕਰਨ ਦਾ ਕੁਝ ਸਮਾਂ ਮਿਲ ਗਿਆ ਹੋਵੇਗਾ; ਪਰ ਜਦ ਉਹ ਕੰਢੇ ਤੇ ਪਹੁੰਚਿਆ ਤਾਂ **ਇੱਕ ਵੱਡੀ ਭੀੜ ਉਸ ਕੋਲ ਇਕੱਠੀ ਹੋਈ।**

**ਆਇਤਾਂ 22, 23. ਸਮਾਜ ਦੇ ਸਰਦਾਰਾਂ ਵਿੱਚੋਂ ਜੈਰੁਸ ਨਾਮੇ ਇੱਕ ਮਨੁੱਖ ਆਇਆ ਅਤੇ ਉਹਦੇ ਪੈਰੀਂ ਪੈ ਗਿਆ।** ਸਮਾਜ ਦੀ ਲੀਡਰਸ਼ਿਪ ਕੁਝ ਕੁਝ ਕਲੀਸੀਆ ਦੀ ਲੀਡਰਸ਼ਿਪ ਵਰਗੀ ਸੀ। ਉਸ ਨੂੰ ਐਲਡਰਾਂ ਦੀ ਜਮਾਤ ਦੇ ਰਾਹੀਂ ਹੀ ਚਲਾਇਆ ਜਾਂਦਾ ਸੀ ਅਤੇ ਜੈਰੁਸ ਉਸ ਜਮਾਤ ਦਾ ਮੈਂਬਰ ਸੀ। ਹੋਰਨਾਂ ਵਫ਼ਾਦਾਰ ਯਹੂਦੀਆਂ ਵਾਂਗ ਉਹ ਵੀ ਮਸੀਹਾ ਦੀ ਉਡੀਕ ਬੜੀ ਤਾਂਗ ਨਾਲ ਕਰ ਰਿਹਾ ਹੋਵੇਗਾ। ਬੇਸ਼ੱਕ ਬਹੁਤ ਸਾਰੇ ਲੋਕ ਹੈਰਾਨ ਹੋ ਰਹੇ ਹੋਣਗੇ ਕਿ ਯਿਸੂ ਹੀ ਮਸੀਹਾ ਹੋ ਸਕਦਾ ਹੈ, ਭਾਵੇਂ ਜ਼ਿਆਦਾਤਰ ਯਹੂਦੀ ਆਗੂਆਂ ਵੱਲੋਂ ਉਸ ਦਾ ਵਿਰੋਧ ਕੀਤਾ ਜਾਂਦਾ ਸੀ।

ਜੇ ਜੈਰੁਸ ਦੇ ਮਨ ਵਿਚ ਯਿਸੂ ਦੇ ਪ੍ਰਤੀ ਕੋਈ ਪੂਰਵਧਾਰਣਾ ਸੀ ਤਾਂ ਉਹ ਉਸ ਦੀ ਆਪਣੀ ਬੱਚੀ ਦੀ ਲੋੜ ਕਰਕੇ ਖ਼ਤਮ ਹੋ ਗਈ। ਉਸ ਨੇ ਯਿਸੂ ਦਾ ਤਰਲਾ ਕੀਤਾ, **''ਮੇਰੀ ਛੋਟੀ ਕਾਕੀ ਮਰਨਾਊ ਹੈ, ਚੱਲ ਕੇ ਉਹਦੇ ਉੱਤੇ ਆਪਣੇ ਹੱਥ ਰੱਖ ਤਾਂ ਜੋ ਉਹ ਚੰਗੀ ਹੋ ਜਾਵੇ ਅਤੇ ਜੀਉਂਦੀ ਰਹੇ।''** ਲੂਕਾ 8:41, 42 ਦੱਸਦਾ ਹੈ ਕਿ ਉਹਦੀ ਇਕਲੌਤੀ ਬੇਟੀ ਸੀ ਜਿਸਦੀ ਉਮਰ ਬਾਰਾਂ ਕੁ ਸਾਲਾਂ ਦੀ ਸੀ (ਵੇਖੋ ਮਰਕੁਸ 5:42)। ਮੱਤੀ 9:18 ਦੱਸਦਾ ਹੈ ਕਿ ਉਹ ''ਹੁਣੇ ਮਰੀ'' (ASV)। ਜਾਂ ਤਾਂ ਜੈਰੁਸ ਨੂੰ ਉਮੀਦ ਸੀ ਕਿ ਉਹ ਮਰ ਚੁੱਕੀ ਹੋਵੇਗੀ। ਜਾਂ ਉਹਨੂੰ ਪਤਾ ਸੀ ਕਿ ਉਹ ਮਰਨ ਵਾਲੀ ਹੈ। ਉਸ ਨੇ ਯਿਸੂ ਤੋਂ ਉਸ ਨੂੰ ਤੰਦਰੁਸਤ ਕਰਨ ਦੀ ਭੀਖ ਮੰਗੀ।

**ਆਇਤ 24.** ਯਿਸੂ ਝੱਟ **ਉਸ ਦੇ ਨਾਲ ਗਿਆ,** ਪਰ **ਵੱਡੀ ਭੀੜ ਉਹਦੇ ਮਗਰ ਤੁਰ ਪਈ** ਜਿਸ ਕਰਕੇ ਉਨ੍ਹਾਂ ਦਾ ਅੱਗੇ ਵਧਣਾ ਹੌਲੀ ਹੋ ਗਿਆ।

## ''ਤੇਰੀ ਨਿਹਚਾ ਨੇ ਤੈਨੂੰ ਚੰਗਾ ਕੀਤਾ ਹੈ'' (5:25-34)[19]

**25ਤਦ ਇੱਕ ਜਨਾਨੀ ਜਿਹ ਨੂੰ ਬਾਰਾਂ ਵਰਿਹਾਂ ਤੋਂ ਲਹੂ ਆਉਂਦਾ ਸੀ 26ਅਰ ਜਿਨ ਬਹੁਤ ਹਕੀਮਾਂ**

**ਦੇ ਹੱਥੋਂ ਵੱਡਾ ਦੁਖ ਪਾਇਆ ਅਤੇ ਆਪਣਾ ਸਭ ਕੁਝ ਖਰਚ ਕਰ ਦਿੱਤਾ ਸੀ ਪਰ ਕੁਝ ਵੀ ਅਰਾਮ ਨਾ ਪਾਇਆ ਸਗੋਂ ਉਹ ਦਾ ਹੋਰ ਵੀ ਮਾੜਾ ਹਾਲ ਹੋ ਗਿਆ ਸੀ, 27ਉਹ ਯਿਸੂ ਦੀ ਖਬਰ ਸੁਣ ਕੇ ਭੀੜ ਵਿੱਚ ਪਿੱਛੋਂ ਦੀ ਹੋਕੇ ਆਈ ਅਤੇ ਉਹ ਦਾ ਕੱਪੜਾ ਛੋਹ ਲਿਆ 28ਕਿਉਂ ਜੋ ਉਸ ਆਖਿਆ, ਜੇ ਮੈਂ ਨਿਰਾ ਉਹਦੇ ਕੱਪੜੇ ਨੂੰ ਹੀ ਛੋਹਾਂ ਤਾਂ ਚੰਗੀ ਹੋ ਜਾਵਾਂਗੀ 29ਅਤੇ ਓਵੇਂ ਉਸ ਦੇ ਲਹੂ ਦਾ ਬਹਾਉ ਸੁੱਕ ਗਿਆ ਅਰ ਉਨ ਆਪਣੇ ਸਰੀਰ ਵਿੱਚ ਮਲੂਮ ਕਰ ਲਿਆ ਜੋ ਮੈਂ ਇਸ ਬਲਾ ਤੋਂ ਛੁੱਟੀ 30ਅਤੇ ਯਿਸੂ ਨੇ ਉਸ ਵੇਲੇ ਆਪਣੇ ਮਨ ਵਿੱਚ ਜਾਣ ਕੇ ਜੋ ਮੇਰੇ ਵਿੱਚੋਂ ਸ਼ਕਤੀ ਨਿੱਕਲੀ ਹੈ ਉਸ ਭੀੜ ਦੀ ਵੱਲ ਮੁੜ ਕੇ ਕਿਹਾ, ਮੇਰੇ ਕੱਪੜੇ ਨੂੰ ਕਿਹ ਨੇ ਛੋਹਿਆ? 31ਉਹਦੇ ਚੇਲਿਆਂ ਨੇ ਉਹਨੂੰ ਆਖਿਆ, ਤੂੰ ਵੇਖਦਾ ਹੈਂ, ਜੋ ਲੋਕ ਤੈਨੂੰ ਦਬਾਂਉਦੇ ਹਨ, ਫੇਰ ਤੂੰ ਕਹਿੰਦਾ ਹੈਂ, ਮੈਨੂੰ ਕਿਹ ਨੇ ਛੋਹਿਆ? 32ਅਤੇ ਉਹ ਨੇ ਇੱਧਰ ਉੱਧਰ ਨਜ਼ਰ ਮਾਰੀ ਭਈ ਇਸ ਕੰਮ ਦੇ ਕਰਨ ਵਾਲੀ ਨੂੰ ਵੇਖੇ 33ਤਦ ਉਹ ਜਨਾਨੀ ਜੋ ਕੁਝ ਉਸ ਉੱਤੇ ਬੀਤਿਆ ਸੀ ਜਾਣ ਕੇ ਡਰਦੀ ਅਤੇ ਕੰਬਦੀ ਆਈ ਅਤੇ ਉਹਦੇ ਚਰਨਾਂ ਉੱਤੇ ਡਿੱਗ ਕੇ ਸਾਰੀ ਹਕੀਕਤ ਉਹਨੂੰ ਦੱਸ ਦਿੱਤੀ 34ਤਾਂ ਉਹ ਨੇ ਉਸ ਨੂੰ ਆਖਿਆ, ਹੇ ਬੇਟੀ ਤੇਰੀ ਨਿਹਚਾ ਨੇ ਤੈਨੂੰ ਚੰਗਾ ਕੀਤਾ ਹੈ, ਸਲਾਮਤ ਚਲੀ ਜਾਹ ਅਤੇ ਆਪਣੀ ਬਲਾ ਤੋਂ ਬਚੀ ਰਹੋ।**

**ਆਇਤਾਂ 25-28. ਇਕ ਜਨਾਨੀ ਵੱਲੋਂ ਜਿਹ ਨੂੰ ਲਹੂ ਆਉਂਦਾ ਸੀ** ਛੂਹੇ ਜਾਣ ਨਾਲ ਯਿਸੂ ਦੇ ਜੈਰੁਸ ਦੇ ਘਰ ਨੂੰ ਜਾਣ ਵਿਚ ਰੁਕਾਵਟ ਪੈ ਗਈ। ਇਹ ਔਰਤ **ਬਾਰਾਂ ਵਰ੍ਹਿਆਂ** ਤੋਂ ਨਾ ਸਿਰਫ਼ ਸਰੀਰਕ ਤੌਰ ਤੇ ਪਰੇਸ਼ਾਨੀ ਵਿਚ ਸੀ ਬਲਕਿ ਉਸ ਨੂੰ ਵੱਖੋ−ਵੱਖ ਯਹੂਦੀ ਰਸਮਾਂ ਰਿਵਾਜ਼ਾਂ ਤੋਂ ਵੀ ਦੂਰ ਰਹਿਣਾ ਪੈਂਦਾ ਹੋਵੇਗਾ (ਲੇਵੀਆਂ 15:25−30)। ਰਸਮੀ ਤੌਰ ਤੇ ਅਸ਼ੁੱਧ ਹੋਣ ਕਰਕੇ ਉਹ ਦੂਜਿਆਂ ਨੂੰ ਛੂਹ ਨਹੀਂ ਸਕਦੀ ਸੀ।[20]

ਮਰਕੁਸ ਸਾਨੂੰ ਦੱਸਦਾ ਹੈ (ਜਦਕਿ ਵੈਦ ਲੂਕਾ ਨੇ ਇਹ ਵੇਰਵਾ ਨਹੀਂ ਦਿੱਤਾ) ਕਿ ਇਸ ਔਰਤ **ਨੇ ਆਪਣਾ ਸਭ ਕੁਝ ਖਰਚ ਕਰ ਦਿੱਤਾ ਸੀ ਪਰ ਕੁਝ ਵੀ ਅਰਾਮ ਨਾ ਪਾਇਆ ਸਗੋਂ ਉਹ ਦਾ ਹੋਰ ਵੀ ਮਾੜਾ ਹਾਲ ਹੋ ਗਿਆ ਸੀ**[21] (ਵੇਖੋ ਲੂਕਾ 8:43)। **ਉਹ ਯਿਸੂ ਦੀ ਖਬਰ ਸੁਣ ਕੇ ਭੀੜ ਵਿੱਚ ਪਿੱਛੋਂ ਦੀ ਹੋ ਕੇ ਆਈ ਅਤੇ ਉਹ ਦਾ ਕੱਪੜਾ ਛੋਹ ਲਿਆ।** ਉਹਦੀ ਨਿਹਚਾ ਅਤੇ ਮਾਯੂਸੀ ਨੇ ਉਸ ਨੂੰ ਸ਼ਰ੍ਹਾ ਦਾ ਉਲੰਘਣ ਕਰਨ ਲਈ ਮਜਬੂਰ ਕਰ ਦਿੱਤਾ ਅਤੇ ਯਿਸੂ ਨੇ ਇਹਦੇ ਲਈ ਉਹਦੀ ਕੋਈ ਅਲੋਚਨਾ ਨਹੀਂ ਕੀਤੀ।

ਯਹੂਦੀ ਤਾਲਮੁਡ ਵਿਚ ਇਸ ਔਰਤ ਦੀ ਬਿਮਾਰੀ ਦੀ ਤਕਲੀਫ਼ ਦੇ ਗਿਆਰਾਂ ਤੋਂ ਵੱਧ ਇਲਾਜ ਦੱਸੇ ਗਏ ਹਨ। ਉਨ੍ਹਾਂ ਵਿੱਚੋਂ ਕੁਝ ਤਾਂ ਤਾਕਤ ਦੇਣ ਵਾਲੇ ਸਨ ਜਦਕਿ ਦੂਜੇ ਇਲਾਜ ਅੰਧਵਿਸ਼ਵਾਸ ਸਨ। ਜਿਵੇਂ ਕਿ ਗਰਮੀਆਂ ਦੇ ਮੌਸਮ ਵਿਚ ਮਲਮਲ ਦੇ ਕੱਪੜੇ ਵਿਚ ਸ਼ੁਤਰਮੁਰਗ ਦੇ ਆਂਡੇ ਅਤੇ ਸਿਆਲਾਂ ਵਿਚ ਸੂਤੀ ਕੱਪੜੇ ਵਿਚ ਬਾਹਰ ਰੱਖਣਾ।[22] ਉਸ ਦੀ ਤਕਲੀਫ਼ ਅਜਿਹੀ ਸੀ ਕਿ ਦੂਜਿਆਂ ਨੂੰ ਸੁਣਾਈ ਨਹੀਂ ਜਾ ਸਕਦੀ ਸੀ, ਇਸ ਕਰਕੇ ਉਸ ਔਰਤ ਨੇ ਚੁੱਪ ਚਪੀਤੇ ਯਿਸੂ ਨੂੰ ਛੂਹਣ ਦੀ ਕੋਸ਼ਿਸ਼ ਕੀਤੀ; **ਕਿਉਂ ਜੋ ਉਸ ਆਖਿਆ, ਜੇ ਮੈਂ ਨਿਰਾ ਉਹਦੇ ਕੱਪੜੇ ਨੂੰ ਹੀ ਛੋਹਾਂ ਤਾਂ ਚੰਗੀ ਹੋ ਜਾਵਾਂਗੀ।**

ਹੋ ਸਕਦਾ ਹੈ ਕਿ ਰੂੜੀਵਾਦੀ ਯਹੂਦੀ ਦੇ ਤੌਰ ਤੇ ਯਿਸੂ ਆਪਣੇ ਕੱਪੜੇ ਦੇ ''ਸਿਰੇ'' ਤੇ ਚਾਰ ਝਾਲੱਰਾਂ ਲਾਉਂਦਾ ਸੀ। ਅਜਿਹਾ ਗਿਣਤੀ 15:38−40 ਦੇ ਅਧਾਰ ਤੇ ਕੀਤਾ ਜਾਂਦਾ ਸੀ; ਯਹੂਦੀ ਲੋਕ ਇਹ ਵਿਖਾਉਣ ਲਈ ਝਾਲਰਾਂ ਪਾਉਂਦੇ ਸਨ ਕਿ ਉਹ ਖ਼ੁਦਾ ਦੇ ਚੁਣੇ ਹੋਏ ਸਨ। ਜੇ ਯਿਸੂ ਝਾਲਰਾਂ ਲੁਆਉਂਦਾ ਸੀ ਤਾਂ ਹੋ ਸਕਦਾ ਹੈ ਕਿ ਉਸ ਔਰਤ ਨੇ ਉਹਦੀ ਇਕ ਝਾਲਰ ਨੂੰ ਛੂਹਿਆ ਹੋਵੇ। ਵੱਖੋ−ਵੱਖ ਚਰਣਾਂ ਵਿਚ ਮੱਤੀ 9:20 ਅਤੇ ਲੂਕਾ 8:44 ਵਿਚ ਯਿਸੂ ਦੇ ਕੱਪੜੇ ਦੇ ''ਪੱਲੇ'' ਜਾਂ ''ਕਿਨਾਰੇ'' ਦੀ ਗੱਲ ਕਰਦੇ ਹਨ। AB ਅਤੇ HCSB ਵਿਚ ''ਝਾਲਰ'' ਦਾ ਵਿਚਾਰ ਪਾਇਆ ਗਿਆ ਹੈ।

**ਆਇਤ 29.** ਅਜਿਹਾ ਲਗਦਾ ਹੈ ਕਿ ਹੋ ਨਹੀਂ ਸਕਦਾ ਸੀ ਕਿ ਕੋਈ ਯਿਸੂ ਨੂੰ ਛੂਹੇ ਅਤੇ ਉਹ

ਸ਼ੁੱਧ ਹੋਏ ਅਤੇ ਚੰਗਾ ਹੋਏ ਬਗੈਰ ਰਹਿ ਜਾਵੇ। ਜਦ ਕੋੜ੍ਹੀ ਅਤੇ ਦੁਖੀ ਲੋਕ ਮਸੀਹ ਦੇ ਸੰਪਰਕ ਵਿਚ ਆਏ ਤਾਂ ਉਨ੍ਹਾਂ ਨੂੰ ਯਕੀਨ ਨਹੀਂ ਹੋ ਰਿਹਾ ਸੀ ਕਿ ਉਨ੍ਹਾਂ ਨਾਲ ਕੀ ਹੋ ਰਿਹਾ ਹੈ। ਬਿਮਾਰ ਔਰਤ ਯਿਸੂ ਦਾ ਪੱਲਾ ਛੂਹੰਦਿਆਂ ਹੀ ਇਹ ਦੱਸ ਸਕਦੀ ਸੀ ਕਿ ਉਹ ਚੰਗੀ ਹੋ ਗਈ ਹੈ: **ਅਤੇ ਓਵੇਂ ਉਸ ਦੇ ਲਹੂ ਦਾ ਬਹਾਉ ਸੁੱਕ ਗਿਆ ਅਰ ਉਨ ਆਪਣੇ ਸਰੀਰ ਵਿੱਚ ਮਲੂਮ ਕਰ ਲਿਆ ਜੋ ਮੈਂ ਇਸ ਬਲਾ ਤੋਂ ਛੁੱਟੀ।** ਹੁਣ ਉਹ ਕਮਜ਼ੋਰ ਨਹੀਂ ਰਹੀ ਸੀ ਕਿਉਂ ਜੋ ਉਹਦੇ ਜਿਸਮ ਵਿਚ ਤਾਕਤ ਆ ਗਈ ਸੀ। ਉਹਨੂੰ ‘‘ਥੋੜ੍ਹੀ ਜਿਹੀ ਚੰਗਿਆਈ’’ ਨਹੀਂ ਮਿਲੀ ਸੀ ਜਿਵੇਂ ਕਿ ਅੱਜ ‘‘ਵਿਸ਼ਵਾਸ ਨਾਲ ਚੰਗਿਆਈ’’ ਦੇ ਮਾਮਲਿਆਂ ਵਿਚ ਹੁੰਦਾ ਹੈ।[23]

**ਆਇਤਾਂ 30, 31.** ਉਸ ਔਰਤ ਨੇ ਯਿਸੂ ਨੂੰ ਛੂਹਣ ਦੀ ਹਿੰਮਤ ਨਹੀਂ ਕੀਤੀ ਬਲਕਿ ਉਹਨੇ ਇਹ ਸੋਚਦੇ ਹੋਏ ਕਿ ਯਿਸੂ ਨੂੰ ਉਸ ਦੇ ਛੂਹਣ ਦਾ ਪਤਾ ਲੱਗਣ ਦਿੱਤੇ ਬਗੈਰ ਜੇ ਉਹ ਉਸ ਨੂੰ ਛੂਹ ਲਵੇ ਤਾਂ ਉਹ ਚੰਗੀ ਹੋ ਜਾਵੇਗੀ, ਕਿਉਂ ਜੋ ਭੀੜ ਚਾਰੇ ਪਾਸਿਉਂ ਉਸ ਨੂੰ ਦਬਾਅ ਰਹੀ ਸੀ। ਇਸ ਦਾ ਉਲਟ ਹੋਣ ਤੇ ਉਸ ਨੂੰ ਅਤੇ ਉਸ ਦੇ ਚੇਲਿਆਂ ਨੂੰ ਕਿੰਨੀ ਹੈਰਾਨੀ ਹੋਈ! **ਯਿਸੂ ਨੇ ਉਸ ਵੇਲੇ ਆਪਣੇ ਮਨ ਵਿੱਚ ਜਾਣ** ਲਿਆ **ਜੋ ਮੇਰੇ ਵਿੱਚੋਂ ਸ਼ਕਤੀ ਨਿੱਕਲੀ ਹੈ।** ਯਿਸੂ ਨੂੰ ਪਤਾ ਸੀ ਕਿ ਉਸ ਨੇ ਉਸ ਨੂੰ ਛੂਹਿਆ ਹੈ ਕਿਉਂ ਜੋ ਉਸ ਨੂੰ ਮਹਿਸੂਸ ਹੋ ਗਿਆ ਕਿ ਉਸ ਦੇ ਅੰਦਰੋਂ ਸ਼ਕਤੀ ਨਿੱਕਲੀ ਹੈ।

ਇਕ ਅਰਸੇ ਤੋਂ ਅਸੀਂ ਸੁਣੀ ਸੁਣਾਈ ਸੂਚਨਾ (ਜਿਵੇਂ ਸਾਨੂੰ ਮਿਲੀ ਹੈ) ਤੇ ਅਧਾਰਤ ਵਿਸ਼ਵਾਸ ਨੂੰ ਵੇਖਦੇ ਹਾਂ, ਪਰ ਇਕ ਔਰਤ ਨੂੰ ਕਾਰਵਾਹੀ ਕਰਨ ਲਈ ਉਕਸਾਉਣ ਲਈ ਕਾਫ਼ੀ ਸੀ। ਜਿਸ ਨਾਲ ਉਸ ਨੂੰ ਜ਼ਬਰਦਸਤ ਬਰਕਤ ਮਿਲੀ ਸੀ। ਭਾਵੇਂ ਯਿਸੂ ਨੂੰ ਵੀ ਪਹਿਲਾਂ ਤੋਂ ਉਸ ਔਰਤ ਦੀਆਂ ਯੋਜਨਾਵਾਂ ਤੋਂ ਇਲਮ ਨਹੀਂ ਸੀ, ਪਰ ਖ਼ੁਦਾ ਵੇਖ ਰਿਹਾ ਸੀ ਅਤੇ ਉਸ ਨੇ ਚੰਗਿਆਈ ਹੋਣ ਦਿੱਤੀ। ਹੋ ਸਕਦਾ ਹੈ ਕਿ ਅਜਿਹੀ ਚੰਗਿਆਈ ਨਾਲ ਯਿਸੂ ਦੇ ਅੰਦਰੋਂ ਊਰਜਾ ਨਿੱਕਲੀ ਹੋਵੇ, ਕਿਉਂ ਜੋ ਉਹ ਆਮ ਤੌਰ ਤੇ ਥੱਕ ਜਾਂਦਾ ਸੀ ਅਤੇ ਉਸ ਨੂੰ ਧਿਆਨ ਲਾਉਣ ਅਤੇ ਦੁਆ ਕਰਨ ਲਈ ਸਮਾਂ ਚਾਹੀਦਾ ਹੁੰਦਾ ਸੀ। ਅਜਿਹਾ ਕੋਈ ਸੰਕੇਤ ਨਹੀਂ ਦਿੱਤਾ ਗਿਆ ਕਿ ਰਸੂਲਾਂ ਦੇ ਰਾਹੀਂ ਚੰਗਿਆਈ ਦਾ ਕੰਮ ਕੀਤੇ ਜਾਣ ਤੇ ਉਨ੍ਹਾਂ ਵਿੱਚੋਂ ਕੋਈ ਸ਼ਕਤੀ ਨਿੱਕਲੀ ਹੋਵੇ (ਕਰਤੱਬ 3:7)।

ਇਹ ਮਹਿਸੂਸ ਕਰਦਿਆਂ ਕਿ ‘‘ਉਸ ਵਿੱਚੋਂ ਸ਼ਕਤੀ ਨਿੱਕਲੀ ਹੈ’’ ਯਿਸੂ ਨੇ **ਭੀੜ ਦੀ ਵੱਲ ਮੁੜ ਕੇ ਕਿਹਾ, ਮੇਰੇ ਕੱਪੜੇ ਨੂੰ ਕਿਹ ਨੇ ਛੋਹਿਆ?** ਲੋਕਾਂ ਵਿਚ ਮੰਨ ਲੈਣ ਲਈ ਕਿ ਉਸ ਨੂੰ ਚੰਗਿਆਈ ਓਸੇ ਨੇ ਦਿੱਤੀ ਹੈ, ਅਤੇ ਸ਼ਾਇਦ ਲੋਕਾਂ ਸਾਹਮਣੇ ਇਹ ਮਨਵਾਉਣ ਲਈ ਕਿ ਉਸ ਨੂੰ ਚੰਗਿਆਈ ਉਸ ਨੇ ਦਿੱਤੀ ਹੈ ਅਤੇ ਸ਼ਾਇਦ ਸਭ ਦੇ ਸਾਹਮਣੇ ਇਕਰਾਰ ਕਰਵਾਉਣ ਲਈ ਜਿਸ ਨਾਲ ਉਹਦੀ ਮਕਤੀ ਹੋਣੀ ਸੀ, ਯਿਸੂ ਨੇ ਚਾਹਿਆ ਕਿ ਉਹ ਆਪੇ ਸਭ ਲੋਕਾਂ ਵਿਚ ਆਪਣੀ ਪਛਾਣ ਦੱਸ ਕੇ ਆਪਣੀ ਨਿਹਚਾ ਦਾ ਐਲਾਨ ਕਰੇ। ਕਈਆਂ ਨੂੰ ਉਹਦੇ ਇਰਾਦੇ ਦਾ ਪਤਾ ਨਹੀਂ ਸੀ। ਉਨ੍ਹਾਂ ਜਵਾਬ ਦਿੱਤਾ, **‘‘ਤੂੰ ਵੇਖਦਾ ਹੈਂ, ਜੋ ਲੋਕ ਤੈਨੂੰ ਦਬਾਂਉਦੇ ਹਨ, ਫੇਰ ਤੂੰ ਕਹਿੰਦਾ ਹੈਂ, ਮੈਨੂੰ ਕਿਹ ਨੇ ਛੋਹਿਆ?’’** ਉਨ੍ਹਾਂ ਨੂੰ ਲੱਗਾ ਕਿ ਉਹਦਾ ਇਹ ਸਵਾਲ ਪੁੱਛਣਾ ਬੇਵਕੂਫ਼ੀ ਭਰਿਆ ਹੈ। ਭੀੜ ਵਿੱਚੋਂ ਹਰ ਪਾਸਿਉਂ ਲੋਕ ਉਹਨੂੰ ਛੂਹ ਰਹੇ ਸਨ ਪਰ ਦੂਜੇ ਸਭ ਲੋਕਾਂ ਦੇ ਧੱਕੇ ਮੁੱਕੇ ਉਹਦੇ ਨਾਲ ਉਹ ਨਹੀਂ ਕਰ ਰਹੇ ਸਨ ਜੋ ਚੰਗਿਆਈ ਦੀ ਖੋਜ ਵਿਚ ਨਿਹਚਾ ਨਾਲ ਉਸ ਨੂੰ ਛੂਹ ਕੇ ਉਸ ਔਰਤ ਨੇ ਕੀਤਾ। ਸਾਡੀ ਨਿਹਚਾ ਇਸੇ ਤਰ੍ਹਾਂ ਨਾਲ ਸਾਨੂੰ ਮੁਕਤੀ ਵੱਲ ਲੈ ਜਾਂਦੀ ਹੈ। ਜਦ ਇਹ ਸਾਨੂੰ ਤੋਬਾ ਕਰਨ ਦੇ ਇਰਾਦੇ ਨਾਲ ਭੀੜ ਵਿੱਚੋਂ ਦੀ ਲੈ ਜਾਂਦੀ ਹੈ। ਅਸੀਂ ਨਿਹਚਾ ਨਾਲ ਆਪਣੇ ਇਕਰਾਰ ਅਤੇ ਆਪਣੇ ਪਾਪਾਂ ਦੀ ਮਾਫ਼ੀ ਲਈ ਬਪਤਿਸਮੇ ਲਈ ਆਪਣੇ ਆਪ ਨੂੰ ਦੇਣ ਦੇ ਰਾਹੀਂ ਪਰਮੇਸ਼ੁਰ ਦੀ ਕਿਰਪਾ ਤਕ ਅੱਪੜ ਸਕਦੇ ਹਾਂ (ਰੋਮੀਆਂ 10:9, 10; 6:3, 4, 17, 18)।

**ਆਇਤਾਂ 32-34.** ਬੇਸ਼ੱਕ ਯਿਸੂ ਨੂੰ ਪਤਾ ਲਗ ਗਿਆ ਸੀ ਕਿ ਉਸ ਨੂੰ ਉਸ ਨੇ ਕੀ ਆਖਿਆ, ਪਰ ਜਦੋਂ ਤਕ ਉਹ ਔਰਤ ਅੱਗੇ ਨਹੀਂ ਆਈ ਉਦੋਂ ਤਕ ਉਹ ਭੀੜ ਵਿਚ ਵੇਖਦਾ ਰਿਹਾ। ਉਹ

**ਡਰਦੀ ਅਤੇ ਕੰਬਦੀ** ਹੋਈ ਆਈ, ਕਿਉਂ ਜੋ ਪੂਰਵੀ ਲੋਕਾਂ ਵਿਚ ਔਰਤਾਂ ਲਈ ਸਭ ਦੇ ਸਾਹਮਣੇ ਆ ਕੇ ਬੋਲਣਾ ਮੁਨਾਸਬ ਨਹੀਂ ਸੀ। ਉਹਨੂੰ ਪਤਾ ਸੀ ਕਿ ਕੋਈ ਸਖ਼ਤ ਰੱਬੀ ਉਹਨੂੰ ਛੂਹਣ ਲਈ ਉਹਦੀ ਝਾੜ ਪਾਵੇਗਾ। ਉਹਨੂੰ ਮਿਲੀ ਨਵੀਂ ਨਵੀਂ ਸਿਹਤ ਨੇ ਉਹਨੂੰ ਬੋਲਣ ਦੀ ਹਿੰਮਤ ਅਤੇ ਜਾਣਕਾਰੀ ਨੂੰ ਲੁਕਾਉਣ ਦਾ ਡਰ ਦੇ ਦਿੱਤਾ ਹੋਵੇਗਾ ਜਿਸ ਕਰਕੇ ਉਹ **ਆਈ ਅਤੇ ਉਹਦੇ ਚਰਨਾਂ ਉੱਤੇ ਡਿੱਗ ਕੇ ਸਾਰੀ ਹਕੀਕਤ ਉਹਨੂੰ ਦੱਸ ਦਿੱਤੀ।** ਪ੍ਰਭੂ ਦੇ ਤਸੱਲੀ ਦੇਣ ਵਾਲੇ ਉਨ੍ਹਾਂ ਸ਼ਬਦਾਂ ਨਾਲ ਉਹ ਨੂੰ ਬੜੀ ਦਲੇਰੀ ਮਿਲੀ ਹੋਵੇਗੀ: ‘ **‘ਹੇ ਬੇਟੀ ਤੇਰੀ ਨਿਹਚਾ ਨੇ ਤੈਨੂੰ ਚੰਗਾ ਕੀਤਾ ਹੈ।’** ’

ਇਸ ਔਰਤ ਦੀ ਨਿਹਚਾ ਦੇ ਅਧਾਰ ਤੇ ਉਹਦੀ ਚੰਗਿਆਈ ਇਹ ਯਕੀਨੀ ਨਹੀਂ ਬਣਾਉਂਦੀ ਹੈ ਕਿ ਜੇ ਸਾਡੀ ਨਿਹਚਾ ਐਨੀ ਹੋਵੇ ਤਾਂ ਸਾਨੂੰ ਸਰੀਰਕ ਰੂਪ ਵਿਚ ਚੰਗਿਆਈ ਮਿਲ ਜਾਵੇਗੀ। ਪਰ ਪੁਰਾਣੇ ਨੇਮ ਵਾਲੇ ਨਾਮਾਨ (2 ਰਾਜਿਆਂ 5: 11) ਜਾਂ ਨਵੇਂ ਨੇਮ ਵਾਲੇ ਥੋਮਾ (ਯੂਹੰਨਾ 20:24, 25) ਥੋੜ੍ਹੀ ਜਿਹੀ ਨਿਹਚਾ ਵੀ ਅਮਲ ਕੀਤੇ ਜਾਣ ਤੇ ਸਾਡੀਆਂ ਅਬਦੀ ਜਾਨਾਂ ਨੂੰ ਬਚਾਉਣ ਲਈ ਕਾਫ਼ੀ ਹੈ। ਯਿਸੂ ਕਦੇ ਬਦਲਦਾ ਨਹੀਂ (ਇਬਰਾਨੀਆਂ 13:8),[24] ਭਾਵੇਂ ਉਹ ਅੱਜ ਸਾਡੇ ਸੰਸਾਰ ਵਿਚ ਉਵੇਂ ਕੰਮ ਨਹੀਂ ਕਰਦਾ ਜਿਵੇਂ ਧਰਤੀ ਉੱਤੇ ਰਹਿਣ ਦੌਰਾਨ ਕਰਦਾ ਹੁੰਦਾ ਸੀ। ਮੁਕਤੀ ਦੇ ਉਸ ਦੇ ਵੱਡੇ ਤੋਹਫ਼ੇ ਨੂੰ ਕਬੂਲ ਕਰਨ ਲਈ ਸਾਡੇ ਲਈ ਇੰਜੀਲ ਦੀਆਂ ਸ਼ਰਤਾਂ ਨੂੰ ਮੰਨਣਾ ਜ਼ਰੂਰੀ ਹੈ।

ਜਿਸ ਔਰਤ ਨੇ ਯਿਸੂ ਨੂੰ ਛੁਹਿਆ ਸੀ ਉਹਦੀ ਨਿਹਚਾ ਡਰਪੋਕ ਸੀ ਪਰ ਉਸ ਤੋਂ ਅਮਲ ਕਰਾਉਣ ਲਈ ਆਖਦੀ ਸੀ। ਯਿਸੂ ਨੇ ਨਿਹਚਾ ਤੇ ਅਮਲ ਦਾ ਜਵਾਬ ਦਿੱਤਾ, ਨਿਹਚਾ ਭਾਵੇਂ ਕਿੰਨੀ ਵੀ ਕਮਜ਼ੋਰ ਹੋਵੇ ਉਹਦੇ ਸ਼ਬਦ ‘ **‘ਸਲਾਮਤੀ ਨਾਲ ਜਾਹ’** ’ ਇਹ ਸੁਝਾਅ ਦਿੰਦੇ ਹਨ ਕਿ ਉਹਦੀ ਜਾਨ ਨੂੰ ਵੀ ਚੰਗਿਆਈ ਮਿਲੀ। ਇਹ ਔਰਤ ਹਰ ਤਰ੍ਹਾਂ ਨਾਲ ਮੁਕੰਮਲ ਹੋ ਗਈ।

## “ਨਾ ਡਰ ਕੇਵਲ ਨਿਹਚਾ ਕਰ” (5:35-43)[25]

**[35]ਉਹ ਅਜੇ ਬੋਲਦਾ ਹੀ ਸੀ ਕਿ ਸਮਾਜ ਦੇ ਸਰਦਾਰ ਦੇ ਘਰੋਂ ਲੋਕਾਂ ਨੇ ਆਣ ਕੇ ਆਖਿਆ, ਤੇਰੀ ਧੀ ਮਰ ਗਈ, ਗੁਰੂ ਨੂੰ ਕਿਉਂ ਹੋਰ ਖੇਚਲ ਪਾਉਂਦਾ ਹੈਂ? [36]ਪਰ ਯਿਸੂ ਨੇ ਉਸ ਗੱਲ ਦੀ ਜੋ ਓਹ ਆਖਦੇ ਸਨ ਪਰਵਾਹ ਨਾ ਕਰਕੇ ਸਮਾਜ ਦੇ ਸਰਦਾਰ ਨੂੰ ਆਖਿਆ, ਨਾ ਡਰ ਕੇਵਲ ਨਿਹਚਾ ਕਰ [37]ਤਾਂ ਉਸ ਨੇ ਪਤਰਸ ਅਰ ਯਾਕੂਬ ਅਰ ਯਾਕੂਬ ਦੇ ਭਰਾ ਯੂਹੰਨਾ ਦੇ ਬਿਨਾ ਹੋਰ ਕਿਸੇ ਨੂੰ ਆਪਣੇ ਨਾਲ ਆਉਣ ਨਾ ਦਿੱਤਾ [38]ਅਤੇ ਜਦ ਓਹ ਸਮਾਜ ਦੇ ਸਰਦਾਰ ਦੇ ਘਰ ਪਹੁੰਚੇ ਤਦ ਉਸ ਨੇ ਰੌਲਾ ਪਾਉਂਦੇ ਹੋਏ ਅਤੇ ਲੋਕਾਂ ਨੂੰ ਬਹੁਤ ਰੋਂਦੇ ਕੁਰਲਾਉਂਦੇ ਵੇਖਿਆ [39]ਅਤੇ ਅੰਦਰ ਜਾ ਕੇ ਉਨ੍ਹਾਂ ਨੂੰ ਆਖਿਆ, ਤੁਸੀਂ ਕਾਹ ਨੂੰ ਰੌਲਾ ਪਾਉਂਦੇ ਅਤੇ ਰੋਂਦੇ ਹੋ? ਕੁੜੀ ਮਰੀ ਨਹੀਂ ਪਰ ਸੁੱਤੀ ਹੋਈ ਹੈ [40]ਤਾਂ ਓਹ ਉਸ ਉੱਤੇ ਹੱਸੇ। ਪਰ ਉਹ ਸਭਨਾਂ ਨੂੰ ਬਾਹਰ ਕੱਢ ਕੇ ਕੁੜੀ ਦੇ ਮਾਂ ਪਿਉ ਅਤੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਜਿੱਥੇ ਕੁੜੀ ਸੀ ਉੱਥੇ ਅੰਦਰ ਗਿਆ [41]ਅਰ ਉਸ ਨੇ ਕੁੜੀ ਦਾ ਹੱਥ ਫੜ੍ਹ ਕੇ ਉਹਨੂੰ ਕਿਹਾ ‘ ‘ਤਲੀਥਾ ਕੂਮੀ’ ’ ਜਿਹ ਦਾ ਅਰਥ ਇਹ ਹੈ ਕਿ ਹੇ ਕੰਨਿਆ, ਮੈਂ ਤੈਨੂੰ ਆਖਦਾ ਹਾਂ, ਉੱਠ! [42]ਉਹ ਕੁੜੀ ਝੱਟ ਉੱਠ ਖੜੀ ਹੋਈ ਅਰ ਤੁਰਨ ਫਿਰਨ ਲੱਗੀ ਕਿਉਂ ਜੋ ਉਹ ਬਾਰਾਂ ਵਰਿਹਾਂ ਦੀ ਸੀ ਅਤੇ ਓਵੇਂ ਲੋਕ ਵੱਡੇ ਅਚੰਭੇ ਵਿੱਚ ਆਣ ਕੇ ਹੈਰਾਨ ਹੋ ਗਏ [43]ਅਤੇ ਉਸ ਨੇ ਉਨ੍ਹਾਂ ਨੂੰ ਤਗੀਦ ਨਾਲ ਹੁਕਮ ਕੀਤਾ ਭਈ ਕੋਈ ਇਹ ਗੱਲ ਨਾ ਜਾਣੇ ਅਤੇ ਆਖਿਆ ਕਿ ਉਸ ਨੂੰ ਕੁਝ ਖਾਣ ਲਈ ਦਿੱਤਾ ਜਾਏ।**

ਜੇ ਹੌਲੀ ਚੱਲ ਰਹੀ ਭੀੜ ਨੇ ਜੈਰੁਸ ਨੂੰ ਅੱਗੇ ਵਧਣ ਵਿਚ ਮਾਯੂਸ ਕੀਤਾ ਤਾਂ ਉਸ ਔਰਤ ਦੀ ਚੰਗਿਆਈ ਨਾਲ ਜਿਸਨੇ ਬੇਨਤੀ ਦਾ ਇਕ ਸ਼ਬਦ ਵੀ ਨਹੀਂ ਬੋਲਿਆ, ਉਹਦੀ ਨਿਹਚਾ ਨੂੰ ਵਧਾ ਦਿੱਤਾ ਹੋਵੇਗਾ। ਉਸ ਔਰਤ ਨਾਲ ਜਿਸਨੇ ਸਿਰਫ਼ ਯਿਸੂ ਪੱਲਾ ਛੂਹਿਆ ਸੀ, ਜੋ ਕੁਝ ਹੋਇਆ ਉਸ ਨੂੰ ਵੇਖਣ

ਦੇ ਕੇ ਉਸ ਨੇ ਉਹਦਾ ਵਿਸ਼ਵਾਸ ਮਜ਼ਬੂਤ ਕੀਤਾ। ਇਸ ਜ਼ਬਰਦਸਤ ਚਮਤਕਾਰ ਨੂੰ ਵੇਖਣ ਤੋਂ ਬਾਅਦ ਯਕੀਨਨ ਉਹਦੇ ਦੋਸਤਾਂ ਵੱਲੋਂ ਆਣ ਕੇ ਉਹਨੂੰ ਇਹ ਦੱਸਣ ਤੇ ਕਿ ਉਹਦੀ ਧੀ ਮਰ ਚੁੱਕੀ ਹੈ ਜੈਰੁਸ ਪੂਰੀ ਤਰ੍ਹਾਂ ਨਾਲ ਮਾਯੂਸ ਨਹੀਂ ਹੋਇਆ ਹੋਵੇਗਾ। ਉਸ ਯਹੂਦੀ ਹਾਕਮ ਦੀ ਨਿਹਚਾ ਕਾਫ਼ੀ ਸੀ, ਉਹਨੂੰ ਇੱਥੋਂ ਤਕ ਨਿਹਚਾ ਸੀ ਕਿ ਮਨੁੱਖ ਦਾ ਪੁੱਤਰ ਮੁਰਦਿਆਂ ਨੂੰ ਜ਼ਿੰਦਾ ਕਰ ਸਕਦਾ ਹੈ।

**ਆਇਤਾਂ 35, 36.** ਯਿਸੂ ਦੇ ਉਸ ਔਰਤ ਨਾਲ ਗੱਲਾਂ ਕਰਦਿਆਂ, ਜੈਰੁਸ ਨੂੰ ਸੁਨੇਹਾ ਮਿਲਿਆ, **''ਤੇਰੀ ਧੀ ਮਰ ਗਈ, ਗੁਰੂ ਨੂੰ ਕਿਉਂ ਹੋਰ ਖੇਚਲ ਪਾਉਂਦਾ ਹੈਂ?''** ਸੇਵਕ ਦੀ ਨਿਰਾਸ਼ਾ ਨੂੰ ਯਿਸੂ ਵੱਲੋਂ ਜੈਰੁਸ ਨੂੰ ਕਹੀ ਗਈ ਗੱਲ ਨਾਲ ਪੂਰਾ ਕਰ ਦਿੱਤਾ ਗਿਆ: **''ਨਾ ਡਰ ਕੇਵਲ ਨਿਹਚਾ ਕਰ।''** ਇਹ ਪਰਮੇਸ਼ੁਰ ਦੇ ਵਚਨ ਤੇ ਭਰੋਸਾ ਕਰਨ ਦਾ ਸੰਦੇਸ਼ ਸੀ। ਯਿਸੂ ਆਖ ਰਿਹਾ ਸੀ ਕਿ ਸੰਦੇਹਵਾਦੀਆਂ ਨੂੰ ਆਪਣੀ ਨਿਹਚਾ ਨੂੰ ਕੱਢਣ ਨਾ ਦਿਓ।'' ਸਾਫ਼ ਹੈ ਕਿ ਜੈਰੁਸ ਨੇ ਇਸ ਨੂੰ ਮਨ ਵਿਚ ਬਿਠਾ ਲਿਆ, ਅਤੇ ਪੂਰੀ ਤਰ੍ਹਾਂ ਨਾਲ ਨਿਹਚਾ ਕੀਤੀ।

ਬਾਈਬਲ ਦਾ ਵਿਰੋਧ ਭੈ ਅਤੇ ਨਿਹਚਾ ਦੇ ਵਿਚਕਾਰ ਮਿਲਦਾ ਹੈ ਕਿਉਂ ਕਿ ਨਿਹਚਾ ਭੈਅ ਉੱਤੇ ਜਿੱਤ ਹਾਸਲ ਕਰ ਸਕਦੀ ਹੈ। ਕੋਈ ਵੀ ਬੰਦਾ ਉਸ ਬੰਦੇ ਜਿਨਾਂ ਨਿਡਰ ਨਹੀਂ ਹੈ ਜਿਹੜਾ ਡੂੰਘੀ ਨਿਹਚਾ ਨਾਲ ਰਹਿੰਦਾ ਹੈ। ਉਸ ਨੂੰ ਪਹਿਲਾਂ ਤੋਂ ਹੀ ਯਿਸੂ ਅਤੇ ਉਸ ਦੇ ਵਚਨ ਵਿਚ ਵੱਡਾ ਭਰੋਸਾ ਹੈ। ਮੌਤ ਉਮੀਦ ਨੂੰ ਖ਼ਤਮ ਕਰਨ ਵਾਲੀ ਅਤੇ ਭੈ ਪੈਦਾ ਕਰਨ ਵਾਲੀ ਜਾਪਦੀ ਹੈ, ਪਰ ਮਸੀਹ ਦੇ ਸਾਹਮਣੇ ਇਹ ਠਹਿਰ ਨਹੀਂ ਸਕਦੀ।

ਮੱਤੀ 9:18 ਤੋਂ ਪਤਾ ਲਗਦਾ ਹੈ ਕਿ ਉਸ ਪਿਤਾ ਨੂੰ ਪਹਿਲਾਂ ਤੋਂ ਨਿਹਚਾ ਸੀ: ''ਜਦ ਉਹ ਉਨ੍ਹਾਂ ਨੂੰ ਇਹ ਗੱਲਾਂ ਕਹਿ ਰਿਹਾ ਸੀ ਵੇਖੋ ਇਕ ਸਰਦਾਰ ਨੇ ਆਣ ਕੇ ਉਹਦੇ ਅੱਗੇ ਮੱਥਾ ਟੇਕਿਆ ਅਤੇ ਆਖਿਆ, ਮੇਰੀ ਬੇਟੀ ਹੁਣੇ ਮਰੀ ਹੈ ਪਰ ਤੂੰ ਆਣ ਕੇ ਆਪਣਾ ਹੱਥ ਉਸ ਉੱਤੇ ਰੱਖ ਤਾਂ ਉਹ ਜੀ ਪਵੇਗੀ।'' ਮਰਕੁਸ ਵਿਚ ਸੰਕੇਤ ਇਹ ਹੈ ਕਿ ਜਦ ਜੈਰੁਸ ਆਪਣੇ ਘਰੋਂ ਨਿੱਕਲਿਆ ਤਾਂ ਉਸ ਦੀ ਬੇਟੀ ਮਰਨ ਵਾਲੀ ਸੀ ਅਤੇ ਉਸ ਨੇ ਇਹ ਮੰਨ ਲਿਆ ਕਿ ਹੁਣ ਤਕ ਇਹ ਮਰ ਚੁੱਕੀ ਹੋਵੇਗੀ, ਉਸ ਦੀ ਤਸਦੀਕ ਹੁਣ 5:35 ਵਿਚ ਪਹਿਵਾਰ ਵੱਲੋਂ ਇਹ ਖ਼ਬਰ ਮਿਲਣ ਨਾਲ ਹੋ ਗਈ। ਯਿਸੂ ਦੀ ਸ਼ਕਤੀ ਵਿਚ ਬੇਸ਼ੱਕ ਉਸ ਦਾ ਵਿਸ਼ਵਾਸ ਪੱਕਾ ਸੀ ਪਰ ਯਿਸੂ ਦੇ ਉਸ ਉੱਤੇ ਹੱਥ ਰੱਖ ਕੇ ਉਸ ਨੂੰ ਚੰਗਿਆਈ ਦੇਣ ਦੀ ਉਸ ਦੀ ਇੱਛਾ ਵਿਚ ਉਸ ਦੀ ਰੂਹਾਨੀ ਤਰੱਕੀ ਵਿਚ ਉਹਦੀ ਖਾਮੀ ਜਾਂ ਕੁਝ ਰਹਿ ਜਾਣ ਦਾ ਪਤਾ ਲਗਦਾ ਹੈ।[26] ਤੀਜੀ ਸਦੀ ਦੇ ਇਕ ਕਵੀ ਨੇ ਲਿਖਿਆ ਹੈ, ''ਜੀਉਂਦਿਆਂ ਲਈ ਉਮੀਦ ਹੈ, ਮੁਰਦਿਆਂ ਲਈ ਕੋਈ ਉਮੀਦ ਨਹੀਂ।''[27] ਯਿਸੂ ਨੇ ਮੁਰਦਿਆਂ ਦੀ ਹਾਲਤ ਨੂੰ ਉਮੀਦ ਵਿਚ ਬਦਲ ਦਿੱਤਾ।

ਲੂਕਾ 8:50 ਵਿਚ ਜੋੜਿਆ ਗਿਆ ਹੈ ਕਿ ਯਿਸੂ ਨੇ ਕਿਹਾ, ''ਤਾਂ ਉਹ ਬਚ ਜਾਵੇ।'' ਯਿਸੂ ਨੂੰ ਪਹਿਲਾਂ ਤੋਂ ਪਤਾ ਹੋਣਾ ਸੀ ਕਿ ਉਹ ਇਸ ਕੁੜੀ ਨੂੰ ਜ਼ਿੰਦਾ ਕਰ ਸਕਦਾ ਹੈ ਆਪਣੇ ਆਪ ਵਿਚ ਬਹੁਤ ਵੱਡੀ ਸ਼ਕਤੀ ਹੈ। ਮਸੀਹ ਦੀ ਭਵਿੱਖ ਦੀ ਜਾਣਕਾਰੀ ਜਾਂ ਸ਼ਕਤੀ ਦੀ ਕੋਈ ਹੱਦ ਨਹੀਂ ਹੈ (ਮੱਤੀ 28:18)।

ਮਰਕੁਸ 5:36 ਵਿਚ ''ਕੇਵਲ ਨਿਹਚਾ'' ਵਾਕ ਅੰਸ਼ ਬੇਹਰਕਤ ਜਾਂ ਕੁਝ ਨਾ ਕਰਨ ਵਾਲੀ ਨਿਹਚਾ ਲਈ ਨਹੀਂ ਹੈ। ਇਸ ਆਦਮੀ ਨੇ ਯਿਸੂ ਦੇ ਕੋਲ ਆਣ ਕੇ ਉਹਦੇ ਅੱਗੇ ਅਦਬ ਨਾਲ ਝੁੱਕ ਕੇ ਅਤੇ ਉਹਦੇ ਨਾਲ ਘਰ ਵਾਪਸ ਜਾ ਕੇ ਜ਼ਬਰਦਸਤ ਵਿਸ਼ਵਾਸ ਵਿਖਾਇਆ। ਉਹਦੀ ਨਿਹਚਾ ਦਾ ਇਨਾਮ ਬਹੁਤਾਇਤ ਨਾਲ ਮਿਲਣਾ ਸੀ। ਪਰ ਕੇਵਲ ਨਿਹਚਾ ਦੇ ਰਾਹੀਂ ਉਸ ਦਾ ਬਚਾਏ ਜਾਣ ਦੀ ਕੋਈ ਦਲੀਲ ਨਹੀਂ ਸੀ। ''ਕੇਵਲ ਨਿਹਚਾ ਕਰ'' ਦਾ ਯਿਸੂ ਦਾ ਹੁਕਮ ਇਸ ਆਦਮੀ ਦੀ ਬੇਟੀ ਦੇ ਜ਼ਿੰਦਾ ਕੀਤੇ ਜਾਣੀ ਖ਼ਾਸ ਘਟਨਾ ਨਾਲ ਸਬੰਧਿਤ ਹੈ ਨਾ ਕਿ ਹਰ ਕਿਸੇ ਦੇ ਹਮੇਸ਼ਾ ਤਕ ਬਚਾਏ ਜਾਣ ਨਾਲ। ਇਸ ਤੋਂ ਇਲਾਵਾ ਜੈਰੁਸ ਨੇ ਯਿਸੂ ਨੂੰ ਉਸ ਨੂੰ ਚੰਗਿਆਈ ਦੇਣ ਦੀ ਬੇਨਤੀ ਕਰਕੇ ਪਹਿਲਾਂ

ਹੀ ਆਪਣੇ ਮਜ਼ਬੂਤ ਵਿਸ਼ਵਾਸ ਨੂੰ ਵਿਖਾ ਦਿੱਤਾ ਭਾਵ ਉਹਦੀ ਨਿਹਚਾ, ''ਅਮਲਾ ਬਾਝੋਂ'' ਨਹੀਂ ਸੀ (ਯਾਕੂਬ 2:26)। ਯਾਕੂਬ 2:14 ਵਿਚ ਯਾਕੂਬ ''ਬਚਾਉਣ ਵਾਲੀ ਨਿਹਚਾ'' ਦੀ ਗੱਲ ਕਰ ਰਿਹਾ ਸੀ। ਕੁਝ ਲੋਕ ਇਹ ਦਲੀਲ ਦੇ ਕੇ ਕਿ ਯਾਕੂਬ ਸਿਰਫ਼ ''ਆਪਣੇ ਅਮਲਾਂ ਨਾਲ ਲੋਕਾਂ ਆਪਣੀ ਨਿਹਚਾ ਵਿਖਾਉਣ'' ਦੀ ਗੱਲ ਕਰ ਰਿਹਾ ਸੀ, ਇਸ ਨਿਹਚਾ ਵਿਚ ਅਮਲਾਂ ਦੇ ਸ਼ਾਮਿਲ ਹੋਣ ਤੋਂ ਇਨਕਾਰ ਕਰਦੇ ਹਨ। ਯਾਕੂਬ ਅਬਰਾਹਾਮ ਨੂੰ ਉਦਾਹਰਣ ਦੇਣ ਲਈ ਵਰਤ ਰਿਹਾ ਸੀ ਅਤੇ ''ਧਰਮੀ ਠਹਿਰਾਇਆ'' ਗਿਆ ਸ਼ਬਦ ਮੁਕਤੀ ਦੇ ਹਵਾਲੇ ਨਾਲ (ਯਾਕੂਬ 2:24)।

ਜੈਰੁਸ ਦੀ ਧੀ ਦੇ ਚੰਗਾ ਹੋਣ ਦੇ ਨਾਲ–ਨਾਲ ਭੀੜ ਵਿਚ ਉਸ ਔਰਤ ਦੀ ਚੰਗਿਆਈ ਦੇ ਇਨ੍ਹਾਂ ਦੋਹਾਂ ਚਮਤਕਾਰਾਂ ਵਿਚ ਨਿਹਚਾ ਜ਼ਰੂਰੀ ਸੀ। ਯਿਸੂ ਨੇ ਚਾਹਿਆ ਕਿ ਇਹ ਔਰਤ ਆਪਣੀ ਨਿਹਚਾ ਨੂੰ ਮੰਨ ਲਵੇ। ਉਹਦੀ ਨਿਹਚਾ ਬਹੁਤ ਸੀ ਪਰ ਉਹਦੀ ਇਹ ਸੋਚ ਗਲਤ ਸੀ ਕਿ ਯਿਸੂ ਨੂੰ ਪਤਾ ਲੱਗੇ ਬਗੈਰ ਉਹਨੂੰ ਚੰਗਿਆਈ ਮਿਲ ਜਾਣੀ ਸੀ। ਪਰ ਚੰਗਿਆਈ ਲਈ ਹਰ ਵਾਰੀ ਨਿਹਚਾ ਹੋਣੀ ਜ਼ਰੂਰੀ ਨਹੀਂ ਸੀ। (ਵੇਖੋ ਲੂਕਾ 22:51, ਜਿੱਥੇ ਮਹਾਯਾਜਕ ਦੇ ਸੇਵਕ ਦਾ ਕੰਮ ਫੇਰ ਤੋਂ ਜੋੜ ਦਿੱਤਾ ਗਿਆ ਅਤੇ ਯੂਹੰਨਾ 11:43, 44, ਵਿਚ ਇਕ ਮੁਰਦਾ ਜੀ ਉੱਠਿਆ।) ਅਜਿਹੇ ਮਾਮਲਿਆਂ ਵਿਚ ਮੋਅਜਜ਼ੇ ਦਾ ਲਾਭ ਉਠਾਉਣ ਵਾਲੇ ਕਿਸੇ ਵਿਅਕਤੀ ਦੀ ਨਿਹਚਾ ਦੇ ਜਵਾਬ ਦੀ ਬਜਾਇ ਤਰਸ ਕਰਕੇ ਮੋਅਜਜ਼ਾ ਕੀਤਾ।

**ਆਇਤ 37. ਪਤਰਸ, ਯਾਕੂਬ** ਅਤੇ **ਯੂਹੰਨਾ** ਤੋਂ ਇਲਾਵਾ ਕਿਸੇ ਨੂੰ ਵੀ ਯਿਸੂ ਦੇ ਨਾਲ ਜਾਣ ਦੀ ਆਗਿਆ ਨਹੀਂ ਸੀ। ਅਸੀਂ ਸਮਝ ਸਕਦੇ ਹਾਂ ਕਿ ਮੁੱਖ ਬਲਾਰੇ ਪਤਰਸ ਨੂੰ ਕਿਉਂ ਸ਼ਾਮਿਲ ਕੀਤਾ ਗਿਆ। ਯੂਹੰਨਾ ''ਉਹ ਚੇਲਾ ਸੀ ਜਿਸ ਨੂੰ ਯਿਸੂ ਪਿਆਰ ਕਰਦਾ ਸੀ'' (ਯੂਹੰਨਾ 20:2; 21:7, 20; ਵੇਖੋ 13:23; 19:26) ਕੁਦਰਤੀ ਤੌਰ ਤੇ ਜੋੜਿਆ ਗਿਆ ਸੀ। ਪਰ ਯਾਕੂਬ ਨੂੰ ਕਿਉਂ ਚੁਣਿਆ ਗਿਆ? ਕੀ ਇਸ ਲਈ ਕਿ ਉਹ ਪਵਿੱਤਰ ਸ਼ਹਾਦਤ ਵਿੱਚ ਆਪਣਾ ਖ਼ੂਨ ਵਹਾਉਣ ਵਾਲਾ ਪਹਿਲਾ ਵਿਅਕਤੀ ਸੀ (ਰਸੂਲਾਂ ਦੇ ਕਰਤੱਬ 12:2)? ਉਸ ਨੂੰ ਜਾਣ ਦੀ ਇਜਾਜ਼ਤ ਦੇਣ ਦਾ ਇਕ ਹੋਰ ਕਾਰਣ ਇਹ ਹੋ ਸਕਦਾ ਹੈ ਕਿ ਉਹ ਦੇ ਭਰਾ ਯੂਹੰਨਾ ਨੂੰ ਨਾ ਛੱਡਿਆ ਜਾਵੇ।

**ਆਇਤਾਂ 38-40.** ਜਦੋਂ ਉਹ ਘਰ ਦੇ ਅੰਦਰ ਵੜੇ ਤਾਂ ਉਥੇ **ਰੌਲਾ** ਮਚ ਗਿਆ। ਜਿਹੜੇ **ਰੋਂਦੇ ਕੁਰਲਾਉਂਦੇ** ਸਨ ਉਹ ਪੇਸ਼ੇਵਰ ਸੋਗ ਕਰਨ ਵਾਲੇ ਸਨ ਜਿਨ੍ਹਾਂ ਨੂੰ ਰੋਣ ਲਈ ਸੱਦਿਆ ਗਿਆ ਸੀ, ਜੋ ਕਿ ਯਹੂਦੀਆਂ ਵਿਚ ਆਮ ਸੀ। ਉਹ ਸੋਗ ਦੇ ਸਖ਼ਤ ਨਿਯਮਾਂ ਦੀ ਪਾਲਣਾ ਕਰਨ ਵਿਚ ਮਾਹਰ ਹੁੰਦੇ ਸਨ; ਉਨ੍ਹਾਂ ਦੀਆਂ ਰਸਮਾਂ ਵਿਚ ਸਿਆਪਾ ਕਰਨਾ, ਵਾਲ ਪੁੱਟਣਾ ਅਤੇ ਕੱਪੜੇ ਪਾੜਨਾ ਸ਼ਾਮਲ ਹੁੰਦਾ ਸੀ। ਤੀਹ ਦਿਨਾਂ ਬਾਅਦ ਸੋਗ ਵਿਚ ਪਾਟੇ ਹੋਏ ਕੱਪੜੇ ਸੀਤੇ ਜਾ ਸਕਦੇ ਸਨ। ਵਿਰਲਾਪ ਦੀ ਆਵਾਜ ਨੂੰ ਵਧੇਰੇ ਪ੍ਰਭਾਵਸਾਲੀ ਬਣਾਉਣ ਲਈ, ਬੰਸਰੀ ਵਾਦਕਾਂ ਨੂੰ ਭਾੜੇ 'ਤੇ ਬੁਲਾਇਆ ਗਿਆ (ਸਭ ਤੋਂ ਗ਼ਰੀਬ ਦੀ ਪਤਨੀ ਨੂੰ ਘੱਟੋ–ਘੱਟ ਦੋ ਆਦਮੀਆਂ ਦੀ ਲੋੜ ਹੁੰਦੀ ਹੈ)। ਇੱਕ ਸੋਗ ਕਰਨ ਵਾਲਾ ਜੁੱਤੀ ਨਹੀਂ ਪਾ ਸਕਦਾ ਸੀ। ਅੱਯੂਬ, ਯਿਰਮਿਯਾਹ, ਜਾਂ ਪੱਤਰ ਤੋਂ ਪੜ੍ਹਿਆ ਜਾ ਸਕਦਾ ਹੈ ਪਰ ਕਾਨੂੰਨ ਤੋਂ ਨਹੀਂ। ਘਰ (ਅਤੇ ਇਸ ਦੇ ਆਲੇ ਦੁਆਲੇ ਦੇ ਤਿੰਨ ਘਰਾਂ) ਵਿੱਚ ਕਿਸੇ ਵੀ ਕਿਸਮ ਦੇ ਪਾਣੀ ਦੀ ਆਗਿਆ ਨਹੀਂ ਸੀ। ਕਿਉਂਕਿ ਇਹ ਮੰਨਿਆ ਜਾਂਦਾ ਸੀ ਕਿ ਮੌਤ ਦੇ ਦੂਤ ਨੇ ਉਸ ਨੂੰ ਪਾਣੀ ਵਿੱਚ ਡੁਬੋਏ ਤਲਵਾਰ ਨਾਲ ਮਾਰ ਦਿੱਤਾ।[28] ਸੋਗ ਮਨਾਉਣ ਵਾਲੇ ਲਈ ਪ੍ਰਾਰਥਨਾ ਸੀ ਕਿ ਉਹ ਪ੍ਰਾਰਥਨਾ ਸਥਾਨ ਤੇ ਜਾਵੇ ਜਿੱਥੇ ਹਰ ਕੋਈ ਕਹੇ, ''ਧੰਨ ਹੈ ਉਹ ਜੋ ਸੋਗ ਨੂੰ ਸ਼ਾਂਤੀ ਦਿੰਦਾ ਹੈ।''

ਯਿਸੂ ਦੇ ਐਲਾਨ ਤੇ, ''**ਕੁੜੀ ਮਰੀ ਨਹੀਂ ਪਰ ਸੁੱਤੀ ਹੋਈ ਹੈ**,'' ਸੋਗ ਕਰਨ ਵਾਲੀ ਭੀੜ ਨੇ ਮਖ਼ੌਲ ਕਰਨਾ ਸ਼ੁਰੂ ਕਰ ਦਿੱਤਾ। **ਤਾਂ ਓਹ ਉਸ ਉੱਤੇ ਹੱਸੇ।** ਜਾਪਦਾ ਹੈ ਕਿ ਯਿਸੂ ਨੇ ਡੂੰਘੀਆਂ ਗੱਲਾਂ ਕਰਨ ਵਿੱਚ ਅਨੰਦ ਲਿਆ ਹੈ, ਜਿਵੇਂ ਕਿ ਕੁਝ ਦ੍ਰਿਸ਼ਟਾਂਤਾਂ ਵਿੱਚ, ਜੋ ਸੁਣਨ ਵਾਲਿਆਂ ਨੂੰ ਵਧੇਰੇ ਡੂੰਘਾਈ ਨਾਲ ਸੋਚਣ ਲਈ ਮਜਬੂਰ ਕਰ ਸਕਦਾ ਹੈ।

ਯਿਸੂ ਦੇ ਹੁੰਦਿਆਂ ਮੌਤ ਨਹੀਂ ਹੋ ਸਕਦੀ। ਉਸ ਨੇ ਕਈ ਵਾਰ ਮੌਤ ਨੂੰ ਨੀਂਦ ਕਿਹਾ, ਅਤੇ ਰਸੂਲਾਂ ਵੱਲੋਂ ਉਹੀ ਭਾਸ਼ਾ ਵਰਤੀ ਗਈ (ਯੂਹੰਨਾ 11:11–14; 1 ਥੱਸਲੁਨੀਕੀਆਂ 4:13–18)। ਆਤਮਾ ਨਹੀਂ ਸੌਂਦੀ, ਕਿਉਂਕਿ ਇਹ ਪ੍ਰਭੂ ਦੇ ਨਾਲ ਹੋਣ ਲਈ ਸਰੀਰ ਨੂੰ ਤਿਆਗ ਦਿੰਦੀ ਹੈ (ਵੇਖੋ ਫ਼ਿਲਿੱਪੀਆਂ 1:23; ਯਾਕੂਬ 2:26ਏ)। ਸਰੀਰ ਜੀ ਉੱਠਣ ਦੀ ਆਸ ਵਿੱਚ ਸੌਂਦਾ ਹੈ (ਵੇਖੋ 1 ਕੁਰਿੰਥੀਆਂ 15:51, 52)। ਮੌਤ ਵਿੱਚ ਕੀ ਵਾਪਰਦਾ ਹੈ ਇਸ ਦੇ ਲਈ ''ਸੋਣਾ'' ਸ਼ਬਦ ਇੱਕ ਦਿਲਾਸਾ ਦੇਣ ਵਾਲਾ ਰੂਪਕ ਹੈ। ਪ੍ਰਾਚੀਨ ਪੂਰਤੀ ਪੂਜਕ ਐਂਗਲੋ–ਸੈਕਸਨਲੋ ਆਪਣੇ ਮੁਰਦਿਆਂ ਨੂੰ ''ਕਬਰਸਤਾਨ'' (graveyard) ਵਿੱਚ ਦਫ਼ਨਾਉਂਦੇ ਭਾਵ (ਸਮਾਧ) ਅਜਿਹੀ ਜਗ੍ਹਾ ਜਿੱਥੇ ਛੇਕ ''ਨਿਸ਼ਾਨਬੱਧ'' ਜਾਂ ਪੁੱਟੇ ਹੋਏ ਹੁੰਦੇ; ਪਰ *mnēmeiōn* (*ਮਨੇਮੇਓਨ*) ਤੋਂ ਲਿਆ ਗਿਆ ਯੂਨਾਨੀ ਸ਼ਬਦ ਦਾ ਅਨੁਵਾਦ ''cemetery'' (κοιμητήριον, *koimētērion*)। ''ਸੌਣ ਲਈ ਲੇਟਣ ਦੀ ਜਗ੍ਹਾ'' ਨੂੰ ਵਿਖਾਉਂਦਾ ਹੈ।

**ਪਰ ਉਹ ਸਭਨਾਂ ਨੂੰ ਬਾਹਰ ਕੱਢ ਕੇ ਕੁੜੀ ਦੇ ਮਾਂ ਪਿਉ ਅਤੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਜਿੱਥੇ ਕੁੜੀ ਸੀ ਉੱਥੇ ਅੰਦਰ ਗਿਆ।** ਭੀੜ ਨੂੰ ਬਾਹਰ ਰੱਖ ਕੇ ਇਨ੍ਹਾਂ ਗਵਾਹਾਂ ਨੇ ਇਹ ਯਕੀਨੀ ਬਣਾ ਸਕਣਾ ਸੀ ਕਿ ਜੈਰੁਸ ਦੀ ਧੀ ਮਰ ਚੁਕੀ ਸੀ ਅਤੇ ਇੱਕ ਚਮਤਕਾਰ ਹੋਇਆ ਸੀ। ਪਹਿਲਾਂ ਭੀੜ ਬੇਵੱਸ ਸੀ। ਤਿੰਨਾਂ ਗਵਾਹਾਂ ਨੇ ਇਹ ਸਾਬਤ ਕਰਨਾ ਸੀ ਕਿ ਸ਼ਰ੍ਹਾ ਦੇ ਮੁਤਾਬਕ ਕੀ ਕੀ ਹੋਇਆ ਸੀ।[29] ਤਿੰਨਾਂ ਰਸੂਲਾਂ ਨੇ ਪਹਿਲਾਂ ਹੀ ਯਿਸੂ ਨੂੰ ਬਹੁਤ ਸਾਰੇ ਅਚੰਭੇ ਕੰਮ ਕਰਦੇ ਵੇਖਿਆ ਸੀ, ਅਤੇ ਉਨ੍ਹਾਂ ਨੇ ਅਜਿਹਾ ਕੁਝ ਨਹੀਂ ਕਹਿਣਾ ਸੀ ਜਿਸ ਤੇ ਯਕੀਨ ਨਾ ਕੀਤਾ ਜਾ ਸਕੇ। ਇਹ ਤਿੰਨੇ ਸ਼ਾਇਦ ਉਨ੍ਹਾਂ ਦੇ ਰੂਹਾਨੀ ਸੁਭਾਅ ਦੇ ਕਾਰਣ ਚੁਣੇ ਗਏ ਸਨ। ਇਨ੍ਹਾਂ ਚੁਣੇ ਹੋਏ ਤਿੰਨਾਂ ਦੀ ਗੱਲ ਨੂੰ ਮੰਨਣਾ ਦੂਜਿਆਂ ਦਾ ਫ਼ਰਜ਼ ਸੀ, ਜਿਵੇਂ ਉਨ੍ਹਾਂ ਨੇ ਰੂਪ ਬਦਲਣ (ਮੱਤੀ 17:1–8) ਅਤੇ ਗਥਸਮਨੀ ਵਿੱਚ ਯਿਸੂ ਦੀਆਂ ਪ੍ਰਾਰਥਨਾਵਾਂ ਦੀ ਗੱਲ ਮੰਨੀ ਸੀ। ਉਨ੍ਹਾਂ ਸੋਗ ਕਰਨ ਵਾਲਿਆਂ ਦੇ ਨਾਲ ਜਿਨ੍ਹਾਂ ਨੇ ਕਿਹਾ ਸੀ ਕਿ ਕੁੜੀ ਮਰ ਗਈ ਹੈ, ਇਨ੍ਹਾਂ ਰਸੂਲਾਂ ਦੀ ਗਵਾਹੀ ਇਸ ਗੱਲ ਦਾ ਸਬੂਤ ਹੋਣਾ ਸੀ ਕਿ ਜ਼ਬਰਦਸਤ ਚਮਤਕਾਰ ਹੋਇਆ ਸੀ।

**ਆਇਤ 41.** ਯਿਸੂ ਨੇ ਕੁੜੀ ਦਾ ਹੱਥ ਫੜ੍ਹਿਆ ਅਤੇ ਉਸ ਨੂੰ ਕਿਹਾ, **''ਤਲੀਥਾ ਕੂਮੀ'' ਜਿਹਦਾ ਅਰਥ ਇਹ ਹੈ ਕਿ ਹੇ ਕੰਨਿਆ, ਮੈਂ ਤੈਨੂੰ ਆਖਦਾ ਹਾਂ, ਉੱਠ!** ''ਤਲੀਥਾ ਕੂਮੀ'' ਮੂਲ ਯੂਨਾਨੀ ਹੱਥ–ਲਿਖਤਾਂ ਦੇ ਵਾਕ ਅੰਸ਼ ਦਾ ਬਦਲਵਾਂ ਰੂਪ ਹੈ। ਮੂਲ ਸ਼ਬਦ ਅਰਾਮੀ, ਅਰਥਾਤ, ਗੁਲਾਮੀ ਦੇ ਸਮੇਂ ਯੂਨਾਨੀਆਂ ਵੱਲੋਂ ਅਪਣਾਈ ਗਈ ਭਾਸ਼ਾ ਵਿੱਚ ਸੀ। ਹਾਲਾਂਕਿ ਆਮ ਲੋਕਾਂ ਵਿਚ ਯੂਨਾਨੀ ਭਾਸ਼ਾ ਬੋਲੀ ਜਾਂਦੀ ਸੀ, ਪਰ ਅਰਾਮੀ ਘਰਾਂ ਵਿੱਚ, ਖਾਸ ਕਰਕੇ ਗਲੀਲ ਵਿਚ ਬੋਲੀ ਜਾਂਦੀ ਰਹੀ।[30] ਹੋ ਸਕਦਾ ਹੈ ਕਿ ਇਬਰਾਨੀ ਕੁਝ ਹੱਦ ਤਕ ਯਰੂਸ਼ਲਮ ਵਿਚ, ਖਾਸ ਕਰਕੇ ਯਾਜਕਾਂ ਵਿਚ ਰਹੀ। ਕੀ ਯਿਸੂ ਯੂਨਾਨੀ ਵਿਚ ਉਪਦੇਸ਼ ਦਿੰਦਾ ਸੀ ਜਾਂ ਅਰਾਮੀ ਵਿਚ? ਅਸੀਂ ਜਾਣਦੇ ਹਾਂ ਕਿ ਉਹ ਕਈ ਵਾਰ ਅਰਾਮੀ ਬੋਲਦਾ ਸੀ (ਵੇਖੋ ਮਰਕੁਸ 7:34; 14:36; 15:34)। ਸਾਰੇ ਰਸੂਲਾਂ ਨੇ ਯੂਨਾਨੀ ਵਿੱਚ ਲਿਖਿਆ, ਜੋ ਵਿਖਾਉਂਦਾ ਹੈ ਕਿ ਉਤਮ ਗੁਰੂ ਯੂਨਾਨੀ ਦੀ ਵਰਤੋਂ ਨੂੰ ਮੰਜ਼ੂਰੀ ਦਿੱਤੀ ਸੀ। ਪਰ ਇੱਥੇ ਉਸ ਨੇ ਯਿਸੂ ਲਈ ਉਸ ਕੁੜੀ ਨਾਲ ਓਸੇ ਭਾਸ਼ਾ ਦੀ ਵਰਤੋਂ ਕਰਨਾ ਸੁਭਾਵਕ ਸੀ ਜਿਹੜੀ ਉਸ ਦੇ ਘਰ ਵਿਚ ਬੋਲੀ ਜਾਂਦੀ ਸੀ।

**ਆਇਤ 42. ਉਹ ਕੁੜੀ ਝੱਟ ਉੱਠ ਖੜੀ ਹੋਈ ਅਰ ਤੁਰਨ ਫਿਰਨ ਲੱਗੀ।** ਯਿਸੂ ਦੇ ਲਾਜ਼ਰ ਨੂੰ ਇਕ ਅਵਾਜ਼ ਨਾਲ ਮੁਰਦਿਆਂ ਵਿੱਚੋਂ ਜੀ ਉਠਿਆ। ਉਸ ਦੇ ਹੱਥ ਦੀ ਛੋਹ (5:41) ਕੁੜੀ ਨੂੰ ਜ਼ਿੰਦਾ ਕਰਨ ਅਤੇ ਉਸ ਦੀ ਸ਼ਕਤੀ ਦੀ ਵਰਤੋਂ ਕਰਨ ਲਈ ਕਾਫੀ ਸੀ। ਵੇਖਣ ਵਾਲਾ ਹਰ ਕੋਈ **ਵੱਡੇ ਅਚੰਭੇ ਹੈਰਾਨ ਹੋ ਗਏ**। ਉਸ ਦੇ ਮਾਪੇ ਅਤੇ ਚੇਲੇ ਹੈਰਾਨ ਸਨ ਕਿ ਕੀ ਹੋਇਆ ਸੀ। ਜਿਵੇਂ ਕਿ ਉਹ ਆਮ ਤੌਰ 'ਤੇ ਕਰਦਾ ਹੈ, ਮਰਕੁਸ ਨੇ ਯਿਸੂ ਦੇ ਛੂਹਣ ਦੇ ਨਤੀਜਿਆਂ ਦੀ ਹੈਰਾਨੀਜਨਕ ਤੇਜੀ ਦਾ ਵਰਣਨ ਕਰਨ ਲਈ **ਤੁਰੰਤ** εὐθύς (*ਜੋਥਸ*) ਸ਼ਬਦ ਦੀ ਵਰਤੋਂ ਕੀਤੀ।

**ਆਇਤ 43.** ਯਿਸੂ ਨੇ **ਤਗੀਦ ਨਾਲ ਹੁਕਮ ਕੀਤਾ ਭਈ ਕੋਈ ਇਹ ਗੱਲ ਨਾ ਜਾਣੇ।** ਦਰਅਸਲ, ਉਸ ਨੇ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਕਿਹਾ, ''ਇਸ ਬਾਰੇ ਚੁੱਪ ਰਹੋ!'' ਯਿਸੂ ਆਮ ਤੌਰ 'ਤੇ ਜਿੰਨਾ ਸੰਭਵ ਹੋ ਸਕੇ ਬੇਲੋੜੀ ਉਤੇਜਨਾ ਤੋਂ ਬਚਣ ਲਈ ਚਮਤਕਾਰ ਕਰਦਾ ਸੀ। ਉਹ ਗੁਪਤ ਰੂਪ ਵਿੱਚ ਚੰਗਾ ਕਰਨਾ ਚਾਹੁੰਦਾ ਸੀ ਕਿਉਂਕਿ ਉਸ ਦੇ ਕੰਮਾਂ ਬਾਰੇ ਦੱਸਣਾ ਉਸ ਦੇ ਦੁਸਮਣਾਂ ਨੂੰ ਉਸ ਨੂੰ ਸਲੀਬ ਤੇ ਚੜ੍ਹਾਉਣ ਲਈ ਪ੍ਰੇਰਿਤ ਕਰ ਸਕਦਾ ਸੀ। ਜਦੋਂ ਇਹ ਉਦੋਂ ਤਕ ਨਹੀਂ ਸੀ ਜਦੋਂ ਤਕ ਆਪਣੇ ਆਪ ਨੂੰ ਪਰਗਟ ਕਰਨ ਅਤੇ ਮੌਤ ਦਾ ਸਾਹਮਣਾ ਕਰਨ ਦਾ ਸਹੀ ਸਮਾਂ ਨਾ ਆਇਆ ਕਿ ਯਿਸੂ ਨੇ ਯਹੂਦੀਆ ਵਿੱਚ ਸਾਰਿਆਂ ਨੂੰ ਮੌਤ ਉੱਤੇ ਆਪਣੀ ਸ਼ਕਤੀ ਨਹੀਂ ਵਿਖਾਈ (ਯੂਹੰਨਾ 11)।

ਉਤਸਾਹਿਤ ਮਾਪੇ ਜ਼ਰੂਰ ਭੁੱਲ ਗਏ ਹੋਣਗੇ ਕਿ ਕੁੜੀ ਨੇ ਕਿੰਨਾ ਚਿਰ ਖਾਣਾ ਨਹੀਂ ਖਾਧਾ ਸੀ। ਉਸ ਨੂੰ ਚਮਤਕਾਰ ਨਾਲ ਤਾਕਤ ਮਿਲੀ ਪਰ ਕੁਦਰਤੀ ਪ੍ਰਕਿਰਿਆਵਾਂ ਦੁਬਾਰਾ ਸ਼ੁਰੂ ਹੋਣ ਤੇ ਉਸ ਨੂੰ ਖਾਣਾ ਚਾਹੀਦਾ ਸੀ। ਯਿਸੂ ਨੇ ਉਨ੍ਹਾਂ ਨੂੰ ਝਿੜਕਿਆ ਅਤੇ ਕਿਹਾ, **ਉਸ ਨੂੰ ਕੁਝ ਖਾਣ ਲਈ ਦਿੱਤਾ ਜਾਏ।** ਇਹ ਹੁਕਮ ਫੇਰ ਸਾਡੇ ਪ੍ਰਭੂ ਦੀ ਦਇਆ ਨੂੰ ਵਿਖਾਉਂਦਾ ਹੈ।

## ਪ੍ਰਾਸੰਗਿਕਤਾ

**ਜਿਸ ਮਸੀਹ ਦੀ ਸਾਨੂੰ ਲੋੜ ਹੈ** (5: 1-13)

ਰਾਤ ਨੂੰ ਯਿਸੂ ਗਲੀਲ ਦੀ ਝੀਲ ਪਾਰ ਕਰਕੇ ਪੂਰਬੀ ਕੰਢੇ ਤੇ ਆ ਗਿਆ ਸੀ। ਬੇੜੀ ਤੋਂ ਪੈਰ ਹੇਠਾਂ ਰੱਖਣ ਵੇਲੇ ਉਹ ਗੇਰਾਸੇਨੀਆਂ (ਜਾਂ ਗਦਰੇਨੀਆਂ, ਕੋਲ ਦੇ ਗਦਾਰਾ ਨਾਮਕ ਮਸ਼ਹੂਰ ਨਗਰ ਦੇ ਨਾਂਅ ਤੋਂ) ਦੇ ਇਲਾਕੇ ਵਿਚ ਸੀ।

ਲਗਭਗ ਓਸੇ ਵੇਲੇ, ਯਿਸੂ ਅਤੇ ਉਸ ਦੇ ਰਸੂਲਾਂ ਨੂੰ ਇਕ ਆਦਮੀ ਮਿਲਿਆ ਜਿਸਨੂੰ ਬਦਰੂਹਾਂ ਨੇ ਜਕੜਿਆ ਹੋਇਆ ਸੀ। ਇਹ ਆਦਮੀ ਨੇੜੇ ਦੀਆਂ ਕਬਰਾਂ ਵਿਚ ਰਹਿੰਦਾ ਸੀ। ਉਸ ਵਿਚ ਬਦਰੂਹਾਂ ਸਨ, ਜਿਸ ਨਾਲ ਉਸ ਵਿਚ ਬੇਹਿਸਾਬ ਸ਼ਕਤੀ ਆ ਗਈ ਸੀ। ਉਸ ਨੂੰ ਕਈ ਵਾਰ ਭਾਵੇਂ ਸੰਗਲਾ ਨਾਲ ਬੰਨਿਆ ਜਾਂਦਾ ਸੀ ਪਰ ਬਦਰੂਹਾਂ ਉਸ ਨੂੰ ਹਰ ਬੰਨ ਤੋਂ ਤੋੜ ਦੇਣ ਦੇ ਯੋਗ ਬਣਾ ਦਿੰਦੀਆਂ ਸਨ। ਉਹ ਐਨਾ ਖ਼ੂਖਾਰ ਬਣ ਗਿਆ ਸੀ ਕਿ ਕੋਈ ਬੰਨ੍ਹ ਨਹੀਂ ਸਕਦਾ ਸੀ। ਉਹ ਇਧਰ–ਉਧਰ ਘੁੰਮਦਾ ਰਹਿੰਦਾ ਸੀ ਅਤੇ ਨੰਗਾ ਹੁੰਦਾ ਸੀ। ਉਸ ਦਾ ਇਲਾਕ ਉਸ ਦਾ ਘਰ ਕਬਰਾਂ ਵਿਚ ਸੀ। ਦਿਨ–ਰਾਤ ਉਹ ਇਧਰ–ਉਧਰ ਘੁੰਮਦਾ, ਚੀਕਾਂ ਮਾਰਦਾ ਰਿਹਾ, ਅਤੇ ਆਪਣੇ ਆਪ ਨੂੰ ਪੱਥਰਾਂ ਨਾਲ ਜਖਮੀ ਕਰਦਾ ਅਤੇ ਇਲਾਕੇ ਵਿੱਚੋਂ ਲੰਘਣ ਵਾਲੇ ਹਰ ਕਿਸੇ ਦਾ ਵਿਰੋਧ ਕੀਤਾ।

ਮੱਤੀ 8:28 ਤੋਂ ਪਤਾ ਲਗਦਾ ਹੈ ਕਿ ਭੂਤ ਚੰਬੜੇ ਇਹ ਦੋ ਜਣੇ ਸਨ। ਮਰਕੁਸ 5:2 ਅਤੇ ਲੂਕਾ 8:27 ਇਕ ਬੰਦੇ ਵੱਡੇ ਧਿਆਨ ਦੁਆਉਂਦੇ ਹਨ ਜੋ ਵਧੇਰੇ ਮਸਹੂਰ ਸੀ ਅਤੇ ਯਿਸੂ ਨਾਲ ਉਹਦੀ ਗੱਲਬਾਤ ਹੋਈ। ਅਸੀਂ ਓਸੇ ਤੇ ਧਿਆਨ ਦਿਆਂਗੇ।

ਭੂਤ ਚੰਬੜੇ ਇਸ ਆਦਮੀ ਨੇ ਯਿਸੂ ਨੂੰ ਵੇਖਿਆ, ਤਾਂ ਉਹ ਝੱਟ ਚੀਕਾਂ ਮਾਰਦਾ ਹੋਇਆ ਉਹਦੇ ਕੋਲ ਆ ਗਿਆ। ਯਿਸੂ ਦੀ ਪੂਰੀ ਸੇਵਕਾਈ ਦੌਰਾਨ, ਭੂਤ ਉਸ ਨੂੰ ਪਛਾਣ ਲੈਂਦੇ ਸਨ ਅਤੇ ਖ਼ੁਦਾ ਦਾ ਪੁੱਤਰ ਮੰਨੇ ਸਨ। ਉਨ੍ਹਾਂ ਨੇ ਇਸ ਆਦਮੀ ਤੋਂ ਇਹੀ ਕਰਵਾਇਆ। ਉਹ ਚੀਕਿਆ, ''ਹੇ ਯਿਸੂ ਮਹਾਂ ਪਰਮੇਸੁਰ ਦੇ ਪੁੱਤ੍ਰ, ਤੇਰਾ ਮੇਰੇ ਨਾਲ ਕੀ ਕੰਮ? ਮੈਂ ਤੈਨੂੰ ਪਰਮੇਸੁਰ ਦੀ ਸੌਂਹ ਦਿੰਦਾ ਹਾਂ, ਮੈਨੂੰ ਦੁਖ ਨਾ ਦਿਹ!'' (5:7)।

ਸਾਫ਼ ਹੈ ਕਿ ਜਦੋਂ ਯਿਸੂ ਨੇ ਬਦਰੂਹਾਂ ਦੇ ਸਤਾਏ ਇਸ ਆਦਮੀ ਨੂੰ ਵੇਖਿਆ, ਤਾਂ ਉਹ ਬਦਰੂਹਾਂ ਨੂੰ ਉਸ ਵਿੱਚੋਂ ਬਾਹਰ ਨਿੱਕਲ ਆਉਣ ਦਾ ਹੁਕਮ ਦੇਣ ਲੱਗਾ। ਉਸ ਦੇ ਸ਼ਬਦ ਅਸਲ ਵਿਚ ਇਸ ਤਰ੍ਹਾਂ ਹਨ, ''ਹੇ ਭ੍ਰਿਸ਼ਟ ਆਤਮਾ, ਇਸ ਮਨੁੱਖ ਵਿੱਚੋਂ ਨਿੱਕਲ ਜਾਹ!'' (5:8)। ਉਹਨੂੰ ਜਿਹੜ

ਉਹਦੇ ਨਾਲ ਸਨ, ਸ਼ਾਇਦ ਪੂਰਾ ਮਤਲਬ ਸਮਝਾਉਣ ਲਈ ਕਿ ਉਹ ਕੀ ਕਰਨ ਵਾਲਾ ਹੈ, ਯਿਸੂ ਰੁਕਿਆ ਅਤੇ ਉਸ ਨੂੰ ਪੁੱਛਣ ਲੱਗਾ, ''ਤੇਰਾ ਕੀ ਨਾਉਂ ਹੈ?'' (5:9)। ਉਸ ਆਦਮੀ ਅੰਦਰੋਂ ਬਦਰੂਹਾਂ ਬੋਲਣ ਲੱਗੀਆਂ ਅਤੇ ਉਸ ਨੇ ਉਸ ਨੂੰ ਕਿਹਾ, ''ਮੇਰਾ ਨਾਉਂ ਲਸ਼ਕਰ ਹੈ ਕਿਉਂ ਜੋ ਅਸੀਂ ਬਹੁਤੇ ਹਾਂਗੇ'' (5:9)। ਇਹ ਜਾਣਦੇ ਹੋਏ ਕਿ ਉਨ੍ਹਾਂ ਨੂੰ ਕੱਢਿਆ ਜਾ ਰਿਹਾ ਹੈ, ਉਹ ਯਿਸੂ ਨੂੰ ਤਰਲੇ ਪਾਉਣ ਲੱਗੀਆਂ ਅਤੇ ਉਨ੍ਹਾਂ ਨੂੰ ਉਸ ਅੱਗੇ ਬੇਨਤੀ ਕੀਤੀ ਕਿ ''ਸਾਨੂੰ ਇਸ ਦੇਸ ਵਿੱਚੋਂ ਨਾ ਕੱਢ!'' (5:10)। ਪਹਾੜ ਉੱਤੇ ਸੂਰਾਂ ਦਾ ਇਕ ਵੱਡਾ ਇੱਜੜ ਚਰ ਰਿਹਾ ਸੀ, ਅਤੇ ਬਦਰੂਹਾਂ ਦਾ ਧਿਆਨ ਇਨ੍ਹਾਂ ਜਾਨਵਰਾਂ ਵੱਲ ਚਲਿਆ ਗਿਆ। ਬਦਰੂਹਾਂ ਨੇ ਯਿਸੂ ਅੱਗੇ ਮਿੰਨਤ ਕੀਤੀ, ''ਸਾਨੂੰ ਸੂਰਾਂ ਵਿੱਚ ਘੱਲ ਦਿਹ ਤਾਂ ਜੋ ਅਸੀਂ ਉਨ੍ਹਾਂ ਵਿੱਚ ਜਾ ਵੜੀਏ'' (5:12)। ਮਰਕੁਸ 5:13 ਦੱਸਦਾ ਹੈ ਕਿ ''ਉਸ ਨੇ ਉਨ੍ਹਾਂ ਨੂੰ ਜਾਣ ਦਿੱਤਾ। ਤਾਂ ਭ੍ਰਿਸ਼ਟ ਆਤਮੇ ਨਿੱਕਲ ਕੇ ਸੂਰਾਂ ਵਿੱਚ ਜਾ ਵੜੇ ਅਤੇ ਇੱਜੜ ਢਾਹੇ ਉੱਤੋਂ ਸਿਰਤੋੜ ਭੱਜ ਕੇ ਝੀਲ ਵਿੱਚ ਜਾ ਪਿਆ। ਓਹ ਗਿਣਤੀ ਵਿੱਚ ਦੋਕੁ ਹਜਾਰ ਸਨ।''

ਅਧਿਆਇ 5 ਵਿਚ ਅਸੀਂ ਯਿਸੂ ਦੀ ਸਮਰੱਥਾ ਨੂੰ ਬਦਰੂਹਾਂ, ਬਿਮਾਰੀ ਅਤੇ ਮੌਤ ਉੱਤੇ ਇਖ਼ਤਿਆਰ ਰੱਖਣ ਦੇ ਰੂਪ ਵਿਚ ਵੇਖਦੇ ਹਾਂ। ਇਸ ਮੌਕੇ ਤੇ ਸਾਫ਼ ਤੌਰ ਤੇ ਯਿਸੂ ਦਾ ਸਾਹਮਣਾ ਬਦਰੂਹਾਂ ਨਾਲ ਸੀ। ਸ਼ਾਇਦ ਉਨ੍ਹਾਂ ਨੂੰ ਯਿਸੂ ਦੀ ਜ਼ਿੰਦਗੀ ਅਤੇ ਸੇਵਕਾਈ ਦੇ ਦੌਰਾਨ ਖ਼ਾਸ ਤੌਰ ਤੇ ਨਜ਼ਰ ਆਉਣ ਦੀ ਇਜਾਜ਼ਤ ਮਿਲੀ ਸੀ ਤਾਂ ਜੋ ਉਹ ਉਨ੍ਹਾਂ ਉੱਤੇ ਆਪਣੀ ਸਮਰੱਥਾ ਨੂੰ ਵਿਖਾ ਸਕੇ। ਜਦੋਂ ਤਕ ਅਸੀਂ ਸੁਰਗ ਵਿਚ ਨਹੀਂ ਜਾਂਦੇ ਉਦੋਂ ਤਕ ਸਾਨੂੰ ਭੂਤਾਂ ਦੀਆਂ ਗੱਲਾਂ ਪੂਰੀ ਤਰ੍ਹਾਂ ਨਾਲ ਸਮਝ ਵਿਚ ਨਹੀਂ ਆ ਸਕਦੀਆਂ, ਪਰ ਇਸ ਵਿਰਤਾਂਤ ਵਿਚਲੀ ਗੱਲ ਬਿਲਕੁਲ ਸਾਫ਼ ਹੈ। ਇਹ ਕਹਾਣੀ ਤੋਂ ਬਿਆਨ ਬਾਹਰ ਦੀ ਸਮਰੱਥਾ ਨੂੰ ਵਿਖਾਉਂਦੀ ਹੈ। ਅਸੀਂ ਇਥੇ ਕਿਹੋ ਜਿਹੀ ਸਮਰੱਥਾ ਵੇਖਦੇ ਹਾਂ?

1. ਜ਼ਿੰਦਗੀ ਦੇ ਪ੍ਰਭੂ ਦੇ ਰੂਪ ਵਿਚ, ਇਸ ਸੰਸਾਰ ਅਤੇ ਅਦਿੱਖ ਸੰਸਾਰ ਦੇ ਰੂਪ ਵਿਚ ਪ੍ਰਭੂ ਯਿਸੂ *ਸਰਵਸ਼ਕਤੀਮਾਨ* ਹੈ। ਜਦੋਂ ਉਹ ਉੱਥੇ ਪਹੁੰਚਿਆ ਤਾਂ ਬਦਰੂਹਾਂ ਨੂੰ ਪਤਾ ਸੀ ਕਿ ਉਹ ਕੌਣ ਹੈ ਅਤੇ ਉਹ ਕੀ ਕਰ ਸਕਦਾ ਹੈ। ਬਦਰੂਹਾਂ ਦੀ ਗਿਣਤੀ ਨਾਲ ਕੋਈ ਫ਼ਰਕ ਨਹੀਂ ਪੈਂਦਾ। ਉਸ ਦੇ ਇਕ ਸ਼ਬਦ ਨਾਲ ਬਦਰੂਹਾਂ ਭੱਜ ਗਈਆਂ, ਉਨ੍ਹਾਂ ਦਾ ਸਾਰਾ ਲਸ਼ਕਰ ਭੱਜ ਗਿਆ। ਯਿਸੂ ਅੱਗੇ ਇਹ ਬਦਰੂਹਾਂ ਜਿਨ੍ਹਾਂ ਨੇ ਅਲੌਕਿਕ ਸ਼ਕਤੀ ਵਿਖਾਈ, ਬੇਵੱਸ ਸਨ।

ਵੱਡੀ ਸਮਰੱਥਾ ਦਾ ਬਿਆਨ ਕੌਣ ਕਰ ਸਕਦਾ ਹੈ? ਕੋਈ ਨਹੀਂ। ਵੱਡੀ ਸਮਰੱਥਾ ਕਿਸੇ ਵੀ ਸੰਸਾਰਕ ਸਮਰੱਥਾ ਨਾਲੋਂ ਜਿਸਨੂੰ ਅਸੀਂ ਜਾਣਦੇ ਹਾਂ, ਉੱਪਰ ਹੈ। ਉਹਦੇ ਲਈ ਜਿਸ ਕੋਲ ਵੱਡੀ ਸਮਰੱਥਾ ਹੈ, ਕਿਹਾ ਜਾ ਸਕਦਾ ਹੈ, ''ਕਿਉਂ ਜੋ ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ ਓਸੇ ਤੋਂ ਉਤਪਤ ਹੋਈਆਂ, ਨਾਲੇ ਦਿੱਸਣ ਵਾਲੀਆਂ, ਨਾਲੇ ਨਾ ਦਿੱਸਣ ਵਾਲੀਆਂ, ...'' (ਕੁਲੁੱਸੀਆਂ 1:16)। ਪੌਲੁਸ ਦੀ ਇਹ ਗੱਲ ਸਾਫ਼ ਤੌਰ ਤੇ ਯਿਸੂ ਲਈ ਕਹੀ ਗਈ ਹੈ।

2. ਇਹ ਹਵਾਲੇ ਤੋਂ ਪਤਾ ਲਗਦਾ ਹੈ ਕਿ ਯਿਸੂ ਕੋਲ *ਨਿਰਮਲ ਸਮਰੱਥਾ* ਸੀ। ਬਦਰੂਹਾਂ ਦੇ ਵਿਚ ਵੀ ਸਮਰੱਥਾ ਹੈ; ਪਰ ਇਹ ਨਾਪਾਕ ਹੈ ਜਿਹੜੀ ਬੁਰਿਆਈ ਲਈ ਸਮਰਪਤ ਹੈ। ਭੂਤਾਂ ਨੂੰ ''ਬਦ'' ਕਿਹਾ ਗਿਆ ਹੈ ਕਿਉਂਕਿ ਜੋ ਉਨ੍ਹਾਂ ਦਾ ਕੰਮ ਸ਼ਤਾਨ ਦੇ ਕੰਮ ਨਾਲ ਮੇਲ ਖਾਂਦਾ ਹੈ। ਭੂਤ ਚੰਬੜੇ ਆਦਮੀ ਨਾਲ ਅਸੀਂ ਉਨ੍ਹਾਂ ਦੇ ਕੰਮ ਦੇ ਨਤੀਜੇ ਨੂੰ ਵੇਖ ਸਕਦੇ ਹਾਂ। ਭੂਤ ਚੰਬੜਿਆ ਆਦਮੀ ਬੁਰਾ, ਖ਼ਤਰਨਾਕ, ਨੰਗਾ, ਵਹਿਸ਼ੀ, ਅਤੇ ਵਿਹਾਰ ਅਤੇ ਵੇਖਣ ਵਿਚ ਗੰਦਾ ਸੀ।

ਜਦੋਂ ਯਿਸੂ ਨੇ ਉਸ ਆਦਮੀ ਨਾਲ ਜਿਸਨੂੰ ਭੂਤ ਚੰਬੜੇ ਹੋਏ ਸਨ, ਆਪਣਾ ਕੰਮ ਪੂਰਾ ਕੀਤਾ, ਤਾਂ ਉਹ ਕੱਪੜੇ ਪਾਏ ਹੋਏ, ਸ਼ਾਂਤ, ਸਮਝਦਾਰ ਅਤੇ ਮਿਸ਼ਨਰੀ ਬਣਨ ਲਈ ਤਿਆਰ ਬੈਠਾ ਸੀ। ਆਪਣੀ ਪੂਰੀ ਸੇਵਕਾਈ ਦੌਰਾਨ, ਯਿਸੂ ਨੇ ਕਦੇ ਵੀ ਕਿਸੇ ਦਾ ਦਿਲ ਨਹੀਂ ਦੁਖਾਇਆ। ਉਹ ਲੋਕਾਂ ਨੂੰ ਚੰਗਿਆਈ ਦਿੰਦਾ, ਮੁਰਦਿਆਂ ਨੂੰ ਜ਼ਿੰਦਾ ਕਰਦਾ, ਟੁੱਟੇ ਦਿਲ ਵਾਲਿਆਂ ਨੂੰ ਤਸੱਲੀ ਦਿੰਦਾ ਅਤੇ ਉਨ੍ਹਾਂ ਦੀ ਸੋਝੀ ਉਨ੍ਹਾਂ ਨੂੰ ਮੋੜ ਦਿੰਦਾ ਰਿਹਾ। ਉਹਦੀ ਸਮਰੱਥਾ ਵਿਚ ਕੁਈ ਲੁਕਿਆ ਹੋਇਆ ਇਰਾਦਾ

ਨਹੀਂ ਹੈ; ਉਹ ਇਸ ਨੂੰ ਹਮੇਸ਼ਾ ਪ੍ਰੇਮ ਕਰਨ, ਲੋਕਾਂ ਨੂੰ ਅਰਾਮ ਦੇਣ ਅਤੇ ਬਚਾਉਣ ਲਈ ਕਰਦਾ ਹੈ।

3. *ਯਿਸੂ ਸਮਰੱਥਾ ਹੈ*। ਉਸ ਨੂੰ ਉਸ ਸਮਰੱਥਾ ਨੂੰ ਵਿਖਾਉਣ ਲਈ ਜਿਸਨੂੰ ਉਹ ਵਿਖਾਉਂਦਾ ਹੈ, ਸਮਰੱਥਾ ਦੇ ਕਿਸੇ ਦੇਣ ਵਾਲੇ ਕੋਲ ਜਾਣ ਦੀ ਲੋੜ ਨਹੀਂ ਹੈ। ਖ਼ੁਦਾਈ ਵਿੱਚੋਂ ਦੂਜਾ ਹੋਣ ਕਰਕੇ ਉਹ ਆਪ ਸਮਰੱਥਾ ਹੈ। ਭੂਤ ਕਿਸ ਤੋਂ ਡਰਦੇ ਸਨ? ਉਹ ਯਿਸੂ ਦੀ ਸਮਰੱਥਾ ਤੋਂ ਡਰਦੇ ਸਨ, ਪਰ ਖ ਾਸ ਕਰਕੇ ਉਹ *ਓਸੇ ਤੋਂ* ਡਰਦੇ ਸਨ!

ਭੂਤ ਨੂੰ ਪਤਾ ਸੀ ਕਿ ਉਹ ਉਨ੍ਹਾਂ ਨਾਲ ਜੋ ਚਾਹੇ ਕਰ ਸਕਦਾ ਸੀ। ਉਨ੍ਹਾਂ ਨੂੰ ਇਸ ਗੱਲ ਦੀ ਸਮਝ ਸੀ ਕਿ ਉਹ ਤਕਲੀਫ਼ਦੇਹ ਥਾਂ ਤੇ ਜਾਣ ਵਾਲੇ ਸਨ। ਉਨ੍ਹਾਂ ਨੂੰ ਆਪਣੇ ਅੰਤ ਦਾ ਪਤਾ ਸੀ। ਉਨ੍ਹਾਂ ਨੇ ਯਿਸੂ ਨੂੰ ਉਨ੍ਹਾਂ ਨੂੰ ਕੋਲ ਹੀ ਚੁਗ ਰਹੇ ਸੂਰਾਂ ਇੱਜੜ ਵਿਚ ਭੇਜਣ ਲਈ ਕਿਹਾ। ਉਨ੍ਹਾਂ ਨੂੰ ਪਤਾ ਸੀ ਕਿ ਉਹ ਸਿਰਫ਼ ਇੱਕੋ ਸ਼ਬਦ ਨਾਲ ਇਹ ਜ਼ਬਰਦਸਤ ਬਦਲਾਅ ਕਰ ਸਕਦਾ ਹੈ।

ਆਓ ਵੇਖਦੇ ਹਾਂ ਕਿ ਯਿਸੂ ਨੇ ਕੀ ਕੀਤਾ ਅਤੇ ਉਸ ਨੇ ਇਹ ਕਿਵੇਂ ਕੀਤਾ। ਮਰਕੁਸ ਨੇ ਲਿਖਿਆ ਹੈ ਕਿ ''ਉਸ ਨੇ ਉਨ੍ਹਾਂ ਨੂੰ ਜਾਣ ਦਿੱਤਾ'' ਤਾਂ ਜੋ ਉਹ ਸੂਰਾਂ ਚਲੇ ਜਾਣ, ਜਿਸ ਕਰਕੇ ਉਹ ਭੱਜ ਕੇ ਝੀਲ ਵਿਚ ਚਲੇ ਗਏ ਅਤੇ ਡੁੱਬ ਮਰੇ (5: 13)। ਫੇਰ, ਸਾਨੂੰ ਨਹੀਂ ਪਤਾ ਕਿ ਉਹਨੇ ਬਦਰੂਹਾਂ ਨਾਲ ਅਜਿਹਾ ਕਿਉਂ ਕੀਤਾ। ਬੇਸ਼ੱਕ, ਜਵਾਬ ਦਾ ਕੁਝ ਹਿੱਸਾ ਇਹ ਹੈ ਕਿ ਉਹਨੇ ਬਦਰੂਹਾਂ ਉੱਤੇ ਆਪਣੇ ਕੰਟਰੋਲ ਅਤੇ ਸਮਰੱਥਾ ਨੂੰ ਵਿਖਾਇਆ ਤਾਂ ਜੋ ਸਾਨੂੰ ਚੰਗੀ ਤਰ੍ਹਾਂ ਨਾਲ ਇਸ ਦਾ ਪਤਾ ਲਗ ਸਕੇ।

*ਨਿਚੋੜ:* ਸਾਨੂੰ ਇਹ ਸਵਾਲ ਪੁੱਛਦੇ ਰਹਿਣਾ ਜ਼ਰੂਰਤ ਹੈ ਕਿ ''ਯਿਸੂ ਕੌਣ ਹੈ?'' ਇਹ ਜ਼ਰੂਰੀ ਹੈ ਕਿ ਅਸੀਂ ਇਹ ਸਵਾਲ ਉਦੋਂ ਤਕ ਪੁੱਛਦੇ ਰਹੀਏ ਜਦੋਂ ਤਕ ਸਾਨੂੰ ਉਹ ਜਵਾਬ ਨਹੀਂ ਮਿਲ ਜਾਂਦਾ ਜਿਹੜਾ ਬਾਈਬਲ ਵਿਚ ਦਿੱਤਾ ਗਿਆ। ਇਸ ਹਵਾਲੇ ਵਿਚ ਯਿਸੂ ਦੀ ਸਮਰੱਥਾ ਸਾਨੂੰ ਉਸ ਸਵਾਲ ਦੇ ਜਵਾਬ ਵੱਲ ਲੈ ਜਾਂਦੀ ਹੈ। ਖ਼ੁਦਾ ਦੇ ਪੁੱਤਰ ਨੂੰ ਛੱਡ ਹੋਰ ਕਿਸ ਵਿਚ ਇਹ ਸਮਰੱਥਾ ਹੋ ਸਕਦੀ ਸੀ, ਇਹੜੀ ਭੂਤ ਚੰਬੜੇ ਇਸ ਮਨੁੱਖ ਉੱਤੇ ਪਾਈ ਗਈ? ਇਹ ਪੱਕਾ ਹੈ ਕਿ ਇਹ ਵੱਡੀ ਸਮਰੱਥਾ ਹੈ। ਜੋ ਕੁਝ ਹੋਇਆ, ਉਸ ਨੂੰ ਕੋਈ ਹੋਰ ਸਮਰੱਥਾ ਨਹੀਂ ਕਰ ਸਕਦੀ ਸੀ। ਇਹ ਨਿਰਮਲ, ਧਰਮੀ ਸਮਰੱਥਾ ਹੈ: ਯਿਸੂ ਨੇ ਬੁਰਿਆਈ ਨੂੰ ਦਫ਼ਾ ਹੋ ਜਾਣ ਦਾ ਹੁਕਮ ਦਿੱਤਾ, ਅਤੇ ਇਹ ਦਫ਼ਾ ਹੋ ਗਈ। ਇਹ ਨਿੱਜੀ ਸਮਰੱਥਾ ਹੈ, ਅਜਿਹੀ ਜਿਹੜੀ ਖ਼ੁਦਾ ਦੇ ਪੁੱਤਰ ਤੋਂ ਇਲਾਵਾ ਕੋਈ ਹੋਰ ਨਹੀਂ ਵਿਖਾ ਸਕਦਾ ਸੀ। ਸਿਰਫ਼ ਇਕ ਹੁਕਮ ਨਾਲ, ਉਸ ਨੇ ਬਦਰੂਹਾਂ ਨਾਲ ਨਜਿੱਠ ਲਿਆ।

ਪਾਪੀਆਂ ਨੂੰ ਇਕ ਮੁਕਤੀਦਾਤਾ ਚਾਹੀਦਾ ਹੈ, ਪਰ ਮੁਕਤੀ ਦੇ ਚਾਹਵਾਨ ਲੋਕਾਂ ਨੂੰ ਚਾਹੀਦਾ ਹੈ ਕਿ ਸਿਰਫ਼ ਕਿਸੇ ਐਰੇ ਗੈਰੇ ਨੂੰ ਮੁਕਤੀਦਾਤਾ ਨਾ ਮੰਨ ਲੈਣ। ਉਨ੍ਹਾਂ ਨੂੰ ਸਰਵਸ਼ਕਤੀਮਾਨ ਮੁਕਤੀਦਾਤੇ, ਧਰਮੀ ਮੁਕਤੀਦਾਤੇ, ਇੱਕੋ ਇਕ ਮੁਕਤੀਦਾਤੇ ਦੀ ਲੋੜ ਹੈ ਜਿਹੜਾ ਆਪਣੇ ਹੁਕਮ ਮੰਨਣ ਵਾਲਿਆਂ ਨੂੰ ਖ਼ੁਦਾ ਕੋਲ ਲਿਜਾ ਸਕਦਾ ਹੈ। ਇਹ ਦ੍ਰਿਸ਼ ਤੋਂ ਸਾਨੂੰ ਪਤਾ ਲਗਦਾ ਹੈ ਕਿ ਯਿਸੂ ਉਹ ਸਭ ਕੁਝ ਹੈ ਜੋ ਸਾਨੂੰ ਅਬਦੀ ਮੁਕਤੀਦਾਤੇ ਵਿਚ ਚਾਹੀਦਾ ਹੈ। ਬਦਰੂਹਾਂ ਦੀ ਦੁਨੀਆਂ ਉੱਤੇ ਉਸ ਦਾ ਪੂਰਾ-ਪੂਰਾ ਵੱਸ ਹੈ। ਉਹ ਬੁਰੀ ਤੋਂ ਬੁਰੀ ਸ਼ਕਤੀ ਨਾਲ ਜਿਹੜੀ ਸਾਡੇ ਖ਼ਿਲਾਫ਼ ਕਦੇ ਆ ਸਕਦੀ ਹੈ, ਨਜਿੱਠ ਸਕਦਾ ਹੈ; ਅਤੇ ਨਿੱਜੀ ਤੌਰ ਤੇ ਉਹ ਸਾਨੂੰ ਪਿਆਰ ਕਰਦਾ ਹੈ ਅਤੇ ਉਹ ਸਾਨੂੰ ਆਸਰਾ ਦਿੰਦੇ ਹੋਏ ਜਿਸਨੂੰ ਇਸ ਸੰਸਾਰ ਜਾਂ ਅਦਿੱਖ ਸੰਸਾਰ ਦੀ ਕੋਈ ਫ਼ੌਜ ਬਰਬਾਦੀ ਨਹੀਂ ਕਰਦਾ, ਸੁਰੱਖਿਆ ਦੇਣ ਵਾਲੀਆਂ ਆਪਣੀਆਂ ਬਾਹਾਂ ਵਿਚ ਸਾਨੂੰ ਲੁਕਾ ਲੈਂਦਾ ਹੈ,

ਪਤਰਸ ਦੇ ਨਾਲ-ਨਾਲ ਆਓ ਮੰਨ ਲਈਏ ਕਿ ''ਅਰ ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ। (ਕਰਤੱਬ 4: 12)।

## ਨਵੇਂ ਵਿਸ਼ਵਾਸੀ ਲਈ ਹੁਕਮ (5: 1-20)

ਮਰਕੁਸ 5: 1-20 ਵਿਚ ਅਸੀਂ ਦੁਖੀ, ਦੱਬੇ-ਕੁਚਲੇ, ਗੁਲਾਮ, ਭੂਤ ਚੰਬੜੇ ਆਦਮੀ ਦੇ ਵੇਰਵੇ

ਨੂੰ ਵੇਖਦੇ ਹਾਂ। ਮੱਤੀ 8:28 ਤੋਂ ਸਾਨੂੰ ਪਤਾ ਲਗਦਾ ਹੈ ਕਿ ਇਹ ਦੋ ਆਦਮੀ ਸਨ; ਪਰ ਮਰਕੁਸ ਦੇ ਵਿਰਤਾਂਤ ਵਿਚ ਸਿਰਫ਼ ਇੱਕੋ, ਸੰਭਵ ਤੌਰ ਤੇ ਦੋਹਾਂ ਵਿੱਚੋਂ ਮਸ਼ਹੂਰ ਉੱਤੇ ਧਿਆਨ ਦਿੱਤਾ ਗਿਆ ਹੈ। ਉਸ ਦਾ ਘਰ ਗਿਰਸੇਨੀਆਂ ਦੇ ਕਿਸੇ ਇਲਾਕੇ ਦੀਆਂ ਕਬਰਾਂ ਵਿਚ ਸੀ; ਅਤੇ ਆਪਣੇ ਛੋਟੇ ਜਿਹੇ ਇਲਾਕੇ ਵਿਚ, ਉੱਥੋਂ ਲੰਘਣ ਵਾਲੇ ਹਰ ਕਿਸੇ ਨੂੰ ਲਲਕਾਰਦੇ ਹੋਏ ਇੱਧਰ ਉੱਧਰ ਘੁੰਮਦਾ ਰਹਿੰਦਾ ਸੀ। ਉਹ ਉਸ ਇਲਾਕੇ ਵਿਚ ਖ਼ੌਫ਼ ਸੀ, ਭਾਵ ਗਿਰਸੇਨੀਆਂ ਲਈ ਵੱਡਾ ਖ਼ਤਰਾ ਸੀ। ਨੇੜਲੇ ਸ਼ਹਿਰ ਦੇ ਲੋਕ ਉਹਦੇ ਵਹਿਸ਼ੀਪਣ ਅਤੇ ਜੰਗਲੀਪਣ ਨੂੰ ਕਾਬੂ ਨਹੀਂ ਕਰ ਸਕੇ ਸਨ; ਅਤੇ ਉਹ ਉਸ ਨੂੰ ਸੰਗਲਾਂ ਨਾਲ ਵੀ ਨਹੀਂ ਬੰਨ੍ਹ ਸਕੇ ਸਨ। ਉਸ ਦੇ ਅੰਦਰ ਦੀਆਂ ਬਦਰੂਹਾਂ ਉਸ ਨੂੰ ਜ਼ਬਰਦਸਤ ਤਾਕਤ ਦੇ ਰਹੀਆਂ ਸਨ। ਲੋਕ ਉਸ ਨੂੰ ਨਫ਼ਰਤ ਕਰਦੇ ਸਨ, ਉਸ ਨੂੰ ਮਾਰ ਸੁੱਟਣਾਂ ਚਾਹੁੰਦੇ ਸਨ ਅਤੇ ਉਨ੍ਹਾਂ ਦੇ ਮਨ ਵਿਚ ਉਸ ਨੂੰ ਇਕ ਨੇਕ ਵਿਅਕਤੀ ਦੇ ਰੂਪ ਵਿਚ ਬਦਲਦੇ ਵੇਖਣ ਦੀ ਕੋਈ ਇੱਛਾ ਨਹੀਂ ਸੀ। ਇਸ ਆਦਮੀ ਬਾਰੇ ਉਨ੍ਹਾਂ ਦਾ ਮੁੱਖ ਵਿਚਾਰ ਇਹ ਹੋਵੇਗਾ ਕਿ ''ਇਸ ਤੋਂ ਖਹਿੜਾ ਕਿਸੇ ਛੁਡਾ ਸਕਦੇ ਹਾਂ ਤਾਂ ਜੋ ਅਸੀਂ ਉਸ ਇਲਾਕੇ ਵਿਚ ਆਪਣੇ ਸੂਰਾਂ ਨੂੰ ਅਸਾਨੀ ਨਾਲ ਚਰਾ ਸਕੀਏ?''

ਜਦ ਯਿਸੂ ਇਸ ਸਥਾਨ ਤੇ ਆਇਆ ਤਾਂ ਉਸ ਨੇ ਇਸ ਆਦਮੀ ਨਾਲ ਹਮਦਰਦੀ ਦੀਆਂ ਗੱਲਾਂ ਕੀਤੀਆਂ, ਭੂਤਾਂ ਨੂੰ ਜਿਨ੍ਹਾਂ ਨੇ ਉਸ ਨੂੰ ਜਕੜਿਆ ਹੋਇਆ ਸੀ, ਕੱਢ ਕੇ ਭਜਾ ਦਿੱਤਾ। ਯਿਸੂ ਦੇ ਇਸ ਆਦਮੀ ਨੂੰ ਹੋਸ਼ ਵਿਚ ਲਿਆਉਣ ਤੋਂ ਬਾਅਦ ਇਲਾਕੇ ਦੇ ਲੋਕਾਂ ਨੇ ਯਕੀਨਨ ਖ਼ੌਫ਼, ਵਿਗਾੜ, ਬੁਰਿਆਈ, ਜਿਹੜੀ ਉਸ ਵਿਚ ਸੀ ਤੋਂ ਚੈਨ ਦਾ ਸਾਹ ਲਿਆ ਹੋਵੇਗਾ। ਇਹ ਆਦਮੀ ਪੂਰੀ ਤਰ੍ਹਾਂ ਨਾਲ ਬਦਲ ਚੁਕਿਆ ਸੀ। ਭੂਤਾਂ ਤੋਂ ਮੁਕਤ ਹੋਣ ਤੋਂ ਬਾਅਦ, ਉਹ ਹੁਣ ਇੱਕ ਨੇਕ, ਸੰਤੁਸ਼ਟ, ਅਨੁਸ਼ਾਸਤ ਵਿਅਕਤੀ ਬਣ ਗਿਆ ਸੀ। ਅਸਲ ਵਿਚ ਉਸ ਨੇ ਯਿਸੂ ਨੂੰ ਪੁੱਛਿਆ ਕਿ ਭਲਾ ਉਹ ਉਸ ਦੀਆਂ ਮਿਸ਼ਨਰੀ ਯਾਤਰਾਵਾਂ ਵਿਚ ਉਹਦੇ ਨਾਲ ਰਹਿ ਕੇ ਜਾ ਸਕਦਾ ਹੈ। ਇਕ ਅਰਥ ਵਿਚ, ਯਿਸੂ ਨੇ ਉਸ ਨੂੰ ਕਿਹਾ, ''ਮੇਰਾ ਮਿਸ਼ਨ ਤੇਰੇ ਲਈ ਹੈ: 'ਆਪਣੇ ਘਰ ਜਾ ਕੇ ਆਪਣੇ ਲੋਕਾਂ ਨੂੰ ਦੱਸ ਕਿ ਤੇਰੇ ਉੱਤੇ ਦਯਾ ਕਰਕੇ ਪ੍ਰਭੂ ਨੇ ਤੇਰੇ ਲਈ ਕਿਹੋ ਜਿਹੇ ਵੱਡੇ ਕੰਮ ਕੀਤੇ ਹਨ' '' (5:19)।

ਬੇਸ਼ੱਕ, ਯਿਸੂ ਨੂੰ ਇਸ ਆਦਮੀ ਨੂੰ ਆਪਣੇ ਨਾਲ ਰੱਖਣ ਵਿਚ ਚੰਗਾ ਲਗਣਾ ਸੀ, ਪਰ ਉਸ ਨੇ ਉਸ ਨੂੰ ਬੜੇ ਪਿਆਰ ਨਾਲ ਉਹ ਕਰਨ ਲਈ ਕਿਹਾ ਜੋ ਯਿਸੂ ਲਈ, ਉਸ ਦੇ ਲਈ ਅਤੇ ਦੂਜਿਆਂ ਲਈ, ਇਸ ਨਾਲੋਂ ਵੀ ਚੰਗਾ ਹੋਣਾ ਸੀ। ਯਿਸੂ ਨੇ ਇਸ ਚਾਹੇ ਜਾਣ ਵਾਲੇ ਮਿਸ਼ਨ ਦੀ ਸ਼ੁਰੂਆਤ ਕਰਨ ਦੀ ਅਗਵਾਈ ਦੇਣ ਲਈ ਉਸ ਨੂੰ ਨਿੱਜੀ ਤੌਰ ਤੇ ਹੁਕਮ ਦਿੱਤਾ। ਉਵੇਂ ਹੀ ਅਸੀਂ ਪੁੱਛ ਸਕਦੇ ਹਾਂ, ''ਹੇ ਪ੍ਰਭੂ, ਮੈਂ ਤੇਰੀ ਸੇਵਾ ਕਰਨ ਦਾ ਚਾਹਵਾਨ ਹਾਂ, ਪਰ ਸ਼ੁਰੂਆਤ ਕਿੱਥੋਂ ਕਰਾਂ?'' ਜਿਹੜਾ ਹੁਕਮ ਯਿਸੂ ਨੇ ਇਸ ਆਦਮੀ ਨੂੰ ਦਿੱਤਾ ਉਸ ਵਿਚ ਅਰਥ ਭਰਪੂਰ ਯੋਜਨਾ ਹੈ ਜਿਸ ਨੂੰ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਮੰਨ ਸਕਦੇ ਹਨ।

1. ਯਿਸੂ ਨੇ ਉਸ ਨੂੰ *ਚੱਲਣ* ਦਾ ਇਕ ਸ਼ਬਦ ਦਿੱਤਾ। ਉਸ ਨੇ ਆਖਿਆ, ''ਜਾਹ।'' ਉਹ ਨਹੀਂ ਚਾਹੁੰਦਾ ਸੀ ਕਿ ਉਸ ਦਾ ਨਵਾਂ ਚੇਲਾ ਸਿਰਫ਼ ਉਸ ਨੂੰ ਵੇਖੇ, ਉਸ ਦੇ ਨਾਲ ਚੱਲਦਾ ਹੋਇਆ ਆਖੇ, ''ਆਮੀਨ।'' ਉਹ ਚਾਹੁੰਦਾ ਸੀ ਕਿ ਉਹ ਯਿਸੂ ਦੇ ਨਾਮ ਵਿਚ ਆਪਣੀ ਮੁਹਿੰਮ ਚਲਾਵੇ। ਇਸ ਆਦਮੀ ਦਾ ਮਨ ਇਸ ਗੱਲ ਨਾਲ ਕਿ ਯਿਸੂ ਕੌਣ ਹੈ ਅਤੇ ਉਹਨੇ ਉਸ ਦੇ ਲਈ ਕੀ–ਕੀ ਕੀਤਾ ਹੈ, ਅਨੰਦਰ ਨਾਲ ਭਰਿਆ ਹੋਇਆ ਸੀ ਅਤੇ ਉਹਦੇ ਲਈ ਯਿਸੂ ਦੀਆਂ ਚੰਗੀਆਂ ਗੱਲਾਂ ਦੱਸਣ ਅੱਗੇ ਵੱਧ ਚੜ ਕੇ ਹਿੱਸਾ ਲੈਣਾ ਜ਼ਰੂਰੀ ਸੀ।

''ਜਾਹ'' ਸ਼ਬਦ ਯਿਸੂ ਵੱਲੋਂ ਦਿੱਤੇ ਗਏ ਲਗਭਗ ਹਰ ਹੁਕਮ ਵਿਚ ਪਹਿਲਾ ਸ਼ਬਦ ਹੈ। ਲਿਮਿਟਡ ਕਮੀਸ਼ਨ ਵਿਚ ਸੱਤਰ ਚੇਲਿਆਂ ਨੂੰ ਜਿਨ੍ਹਾਂ ਨੂੰ ਉਹਨੇ ਘੱਲਿਆ, ਉਹਨੇ ਇਸੇ ਨਾਲ ਸ਼ੁਰੂਆਤ ਕੀਤੀ (ਲੂਕਾ 10:3); ਰਸੂਲਾਂ ਨੂੰ ਘੱਲਦਿਆਂ ਆਪਣੇ ਹੁਕਮ ਦੇ ਸ਼ੁਰੂਆਤੀ ਹੁਕਮ ਵਿਚ ਉਸ ਨੇ ਇਸ ਨੂੰ ਸਾਮਲ ਕੀਤਾ (ਮੱਤੀ 10:6); ਅਤੇ ਮਸੀਹੀ ਯੁੱਗ ਵਿਚ ਸਾਡੇ ਲਈ ਗ੍ਰੇਟ ਕਮੀਸ਼ਨ ਵਿਚ

ਉਸ ਨੇ ਇਸ ਨੂੰ ਰੱਖਿਆ (ਮੱਤੀ 28:19)। ਯਿਸੂ ਆਪਣੇ ਚੇਲਿਆਂ ਤੋਂ ਚਾਹੁੰਦਾ ਹੈ ਕਿ ਬਾਹਰ ਜਾ ਕੇ ਦੂਜਿਆਂ ਨੂੰ ਜਿਨ੍ਹਾਂ ਨੂੰ ਲੋੜ ਹੈ, ਉਹਦੇ ਰਾਜ ਦਾ ਸੁਨੇਹਾ ਦੇਣ।

2. ਯਿਸੂ ਨੇ ਇਸ ਆਦਮੀ ਨੂੰ ਪੂਰਾ ਕਰਨ ਲਈ ਇਕ *ਮਿਸ਼ਨ* ਦਿੱਤਾ: ''ਆਪਣੇ ਸਾਕਾਂ ਕੋਲ ਜਾਹ।'' ਉਹ ਉਸ ਨੂੰ ਆਪਣੇ ਘਰ ਦਿਆਂ ਅਤੇ ਆਪਣੇ ਨੇੜਲੇ ਲੋਕਾਂ ਨਾਲ ਸ਼ੁਰੂਆਤ ਕਰਨ ਲਈ ਆਖ ਰਿਹਾ ਸੀ। ਹਰ ਮਿਸ਼ਨਰੀ ਲਈ ਇਹ ਇਕ ਜ਼ਰੂਰੀ ਕੰਮ ਹੈ ਜਿਹੜਾ ਉਸ ਨੂੰ ਘਰ ਤੋਂ ਸ਼ੁਰੂਆਤ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ, ਉਸ ਦੇ ਨਵੇਂ ਚੇਲੇ ਨੂੰ ਉਨ੍ਹਾਂ ਦੇ ਕੋਲ ਜਾਣ ਲਈ ਆਖਿਆ ਜਾ ਰਿਹਾ ਸੀ ਜਿਨ੍ਹਾਂ ਕੋਲ ਯਿਸੂ ਨਹੀਂ ਜਾਣਾ ਸੀ। ਇਹ ਆਦਮੀ ਵੀ ਜਿਸਨੂੰ ਭੂਤ ਚੰਬੜੇ ਹੋਏ ਸਨ, ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਯਿਸੂ ਬਾਰੇ ਸਚਮੁਚ ਵਿਚ ਪ੍ਰਭਾਵਸਾਲੀ ਢੰਗ ਨਾਲ ਦੱਸ ਸਕਦਾ ਸੀ।

3. ਯਿਸੂ ਨੇ ਇਸ ਆਦਮੀ ਨੂੰ ਉਹ *ਸੰਦੇਸ਼* ਦਿੱਤਾ ਜਿਹੜਾ ਉਸ ਨੇ ਦੂਜਿਆਂ ਤਕ ਪਹੁੰਚਾਉਣਾ ਸੀ। ਉਸ ਨੇ ਆਖਿਆ, ''ਅਤੇ ਉਨ੍ਹਾਂ ਨੂੰ ਦੱਸ ਜੋ ਪ੍ਰਭੂ ਨੇ ਤੇਰੇ ਲਈ ਕੇਡੇ ਕੰਮ ਕੀਤੇ ਹਨ।'' ਇਹ ਆਦਮੀ ਇਸ ਦੀ ਜ਼ਿੰਦਾ ਮਿਸਾਲ ਹੋਦਾ ਸੀ ਕਿ ਯਿਸੂ ਕੌਣ ਹੈ। ਉਹਨੇ ਦੱਸ ਸਕਣਾ ਸੀ, ''ਤੁਹਾਨੂੰ ਪਤਾ ਹੈ ਕਿ ਮੈਂ ਕੌਣ ਹਾਂ ਅਤੇ ਕਿਹੋ ਜਿਹਾ ਸਾਂ। ਹੁਣ ਮੈਨੂੰ ਵੇਖੋ। ਤੁਸੀਂ ਵੇਖ ਸਕਦੇ ਹੋ ਕਿ ਮੈਂ ਬਦਲ ਚੁਕਿਆ ਹਾਂ। ਪਰਮੇਸ਼ੁਰ ਦੇ ਪੁੱਤਰ, ਯਿਸੂ ਨੇ, ਭਾਵ ਮਸੀਹਾ ਨੇ ਮੈਨੂੰ ਬਦਲ ਦਿੱਤਾ ਅਤੇ ਮੈਨੂੰ ਇਹ ਨਵੀਂ ਜ਼ਿੰਦਗੀ ਦਿੱਤੀ ਹੈ।

ਮੋਅਜਜ਼ਾ ਆਪਣੇ ਆਪ ਵਿਚ ਸੰਦੇਸ਼ ਸੀ; ਇਸ ਨੇ ਆਪਣਾ ਪ੍ਰਚਾਰ ਆਪੇ ਕਰਨਾ ਸੀ। ਇਸ ਆਦਮੀ ਲਈ ਸਿਰਫ਼ ਲੋਕਾਂ ਨੂੰ ਦੱਸਣਾ ਜ਼ਰੂਰੀ ਸੀ। ਕੋਈ ਅਲੌਕਿਕ ਜੀਵ ਹੀ ਕਿਸੇ ਅਲੌਕਿਕ ਘਟਨਾ ਨੂੰ ਕਰ ਸਕਦਾ ਸੀ। ਮੋਅਜਜ਼ੇ ਨੂੰ ਬਣਾ ਸਵਾਰ ਦੇ ਦੱਸਣਾ ਜ਼ਰੂਰੀ ਸੀ। ਇਸ ਆਦਮੀ ਦੇ ਆਪਣੇ ਸ਼ੁੱਧ ਕੀਤੇ ਜਾਣ ਦੀ ਘਟਨਾ ਮਿਲਾਉਣ ਤੇ ਯਿਸੂ ਦੀ ਖ਼ੁਦਾਈ ਦਾ ਪ੍ਰਚਾਰ ਹੋ ਜਾਣਾ ਸੀ। ਇਸ ਘਟਨਾ ਨਾਲ ਇਹ ਸਬੂਤ ਮਿਲਣਾ ਸੀ ਕਿ ਯਿਸੂ ਅਸਲ ਵਿਚ ਪਰਮੇਸ਼ੁਰ ਦਾ ਪੁੱਤਰ ਹੈ।

4. ਯਿਸੂ ਨੇ ਆਪਣੀ *ਦਯਾ ਉੱਤੇ* ਜ਼ੋਰ ਦਿੱਤਾ। ਇਕ ਅਰਥ ਵਿਚ ਉਸ ਨੇ ਅਖਿਆ, ''ਮੇਰੇ ਬਾਰੇ ਇਹ ਦੱਸ ਕਿ ਮੈਂ ਤੇਰੇ ਉੱਤੇ ਕਿਵੇਂ ਦਯਾ ਕੀਤੀ ਹੈ।'' ਖ਼ੁਦਾ ਦੀ ਦਯਾ ਦੀ ਗੱਲ ਕੀਤੇ ਬਗੈਰ ਖੁਸ਼ਖ਼ਬਰੀ ਦਾ ਪ੍ਰਚਾਰ ਨਹੀਂ ਕੀਤਾ ਜਾ ਸਕਦਾ। ਇਹ ਆਦਮੀ ਆਸਾਨੀ ਨਾਲ ਇਹ ਦੱਸ ਸਕਦਾ ਸੀ ਕਿ ਯਿਸੂ ਉਸ ਨੂੰ ਉਹੋ ਜਿਹਾ ਰਹਿਣ ਨਹੀਂ ਦੇਣਾ ਚਾਹੁੰਦਾ ਸੀ ਜਿਹੋ ਜਿਹਾ ਉਹ ਸੀ।

ਯਿਸੂ ਸਾਡਾ ਦਿਆਲੂ ਮੁਕਤੀਦਾਤਾ ਹੈ: ਉਹ ਸਾਨੂੰ ਉਹ ਦਿੰਦਾ ਹੈ ਜਿਸਦੀ ਸਾਨੂੰ ਲੋੜ ਹੈ, ਨਾ ਕਿ ਜਿਸਦੇ ਅਸੀਂ ਹੱਕਦਾਰ ਹਾਂ। ਸ਼ਾਇਦ ਇਸ ਆਦਮੀ ਨੂੰ ਭੂਤ ਉਸ ਦੇ ਪਾਪਾਂ ਦੇ ਕਾਰਣ ਚੰਬੜੇ ਸਨ ਅਤੇ ਇਸ ਕਰਕੇ ਉਹ ਇਸ ਯੋਗ ਸੀ ਕਿ ਉਸ ਨੂੰ ਭੂਤ ਚੰਬੜਨ, ਪਰ ਯਿਸੂ ਨੇ ਉਸ ਨੂੰ ਛੁਡਾ ਕੇ ਉਸ ਨੂੰ ਮੁਕਤੀ ਦੇ ਦਿੱਤੀ।

ਪੌਲੁਸ ਇਹ ਦੱਸਦੇ ਹੋਏ ਖ਼ੁਦਾ ਦੀ ਦਯਾ ਦਾ ਅਨੰਦ ਮਾਣ ਰਿਹਾ ਸੀ,

> ... ਭਾਵੇਂ ਮੈਂ ਪਹਿਲਾਂ ਕੁਫ਼ਰ ਬਕਣ ਵਾਲਾ ਅਤੇ ਸਤਾਉਣ ਵਾਲਾ ਅਤੇ ਧੱਕੇਖੋਰਾ ਸਾਂ ਪਰ ਮੇਰੇ ਉੱਤੇ ਰਹਮ ਹੋਇਆ ... ਇਹ ਵਚਨ ਪੱਕਾ ਹੈ ਅਤੇ ਪੂਰੀ ਤਰਾਂ ਮੰਨਣ ਜੋਗ ਹੈ ਭਈ ਮਸੀਹ ਯਿਸੂ ਪਾਪੀਆਂ ਨੂੰ ਬਚਾਉਣ ਲਈ ਜਗਤ ਵਿਚ ਆਇਆ ਜਿਨ੍ਹਾਂ ਵਿੱਚੋਂ ਮਹਾਂ ਪਾਪੀ ਮੈਂ ਹਾਂ (1 ਤਿਮੋਥਿਉਸ 1:12–15)।

ਭੂਤ ਚੰਬੜਿਆ ਆਦਮੀ ਜਿਸਨੂੰ ਯਿਸੂ ਵੱਲੋਂ ਉਸ ਦੀ ਪਰੇਸ਼ਾਨੀ ਭਰੀ ਜ਼ਿੰਦਗੀ ਤੋਂ ਛੁਟਕਾਰਾ ਦੁਆਇਆ ਗਿਆ ਸੀ, ਆਪਣੇ ਬਾਰੇ ਵੀ ਉਹੀ ਗੱਲਾਂ ਕਹਿ ਸਕਦਾ ਹੋਵੇਗਾ ਜਿਹੜੀਆਂ ਇਨ੍ਹਾਂ ਆਇਤਾਂ ਵਿਚ ਪੌਲੁਸ ਨੇ ਆਪਣੇ ਬਾਰੇ ਆਖੀਆਂ।

*ਨਿਚੋੜ:* ਕਹਿੰਦੇ ਹਨ ਕਿ ''ਮਸੀਹ ਨਾਲ ਹਰ ਦਿਲ ਇਕ ਮਿਸ਼ਨਰੀ ਹੈ, ਅਤੇ ਮਸੀਹ ਦੇ ਬਗੈਰ

ਹਰ ਦਿਲ ਇਕ ਮਿਸ਼ਨ ਖੇਤਰ ਹੈ।'' ਜਦੋਂ ਕੋਈ ਯਿਸੂ ਦਾ ਚੇਲਾ ਬਣਨ ਦਾ ਫ਼ੈਸਲਾ ਲੈ ਲੈਂਦਾ ਹੈ ਤਾਂ ਇਸ ਫ਼ੈਸਲੇ ਵਿਚ ਆਪਣੇ ਆਪ ਵਿਚ ਮਿਸ਼ਨਰੀ ਬਣਨ ਦੀ ਗੱਲ ਸ਼ਾਮਿਲ ਹੁੰਦੀ ਹੈ।

ਮਿਸਨਰੀ ਕੰਮ ਦੀ ਸ਼ੁਰੂਆਤ ਕਿੱਥੋਂ ਕਰੀਏ? ਭਲਾ ਯਿਸੂ ਨੇ ਜਿਹੜਾ ਹੁਕਮ ਇਸ ਆਦਮੀ ਨੂੰ ਦਿੱਤਾ ਸੀ ਉਹੀ ਹੁਕਮ ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਉੱਤੇ ਲਾਗੂ ਹੁੰਦਾ ਹੈ? ਪਹਿਲਾਂ ਤਾਂ ਸਾਨੂੰ *ਗਤੀਸ਼ੀਲ* ਹੋਣਾ ਜ਼ਰੂਰੀ ਹੈ, ਭਾਵ, ਸਾਨੂੰ ''ਜਾਣਾ'' ਜ਼ਰੂਰੀ ਹੈ। ਮੁਕਤੀ ਸਾਨੂੰ ਕਿਰਪਾ ਵਿਚ ਬਹਿ ਜਾਣ ਲਈ ਨਹੀਂ, ਬਲਕਿ ਕਿਰਪਾ ਨਾਲ ਜਾਣ ਲਈ ਅਗਵਾਈ ਕਰਦੀ ਹੈ। ਫਿਰ ਸਾਨੂੰ ਆਪਣੇ *ਮਿਸ਼ਨ* ਦਾ ਪਤਾ ਹੋਣਾ ਜ਼ਰੂਰੀ ਹੈ: ''ਸਾਕਾਂ ਕੋਲ ਜਾਹ।'' ਸਾਨੂੰ ਉੱਥੋਂ ਹੀ ਸ਼ੁਰੂਆਤ ਕਰਨੀ ਚਾਹੀਦੀ ਹੈ ਜਿੱਥੇ ਅਸੀਂ ਰਹਿੰਦੇ ਹਾਂ। ਜੇ ਸਾਡੇ ਪਰਿਵਾਰ ਦੇ ਲੋਕ ਅਤੇ ਦੋਸਤ ਸਾਡੀ ਮਨਬਦਲੀ ਤੋਂ ਬਾਅਦ ਸਾਡੇ ਅੰਦਰ ਹੋਣ ਵਾਲੀ ਤਬਦੀਲੀ ਨੂੰ ਨਹੀਂ ਦੱਸ ਸਕਦੇ ਤਾਂ ਦੂਰ ਦੂਰ ਦੇ ਲੋਕ ਵੀ ਸਾਡੇ ਅੰਦਰ ਯਿਸੂ ਨੂੰ ਨਹੀਂ ਵੇਖ ਸਕਣਗੇ। ਸਾਡਾ *ਸੰਦੇਸ਼* ਇਹ ਹੈ ਕਿ ਯਿਸੂ ਕੌਣ ਸੀ, ਉਸ ਨੇ ਕੀ ਕੀਤਾ ਹੈ, ਅਤੇ ਕੀ ਕਰ ਸਕਦਾ ਹੈ। ਪ੍ਰਚਾਰ ਕਰਦਿਆਂ ਸਾਨੂੰ ਪ੍ਰਭੂ ਦੀ ਦਇਆ ਨੂੰ ਦੱਸਣ ਜ਼ਰੂਰੀ ਹੈ। ਉਸ ਦੀ ਖੁਸ਼ਖ਼ਬਰੀ ਦੀ ਸ਼ੁਰੂਆਤ ਉਸ ਦੀ ਦਇਆ ਨਾਲ ਹੁੰਦੀ ਹੈ, ਇਹ ਦਇਆ ਨਾਲ ਭਰੀ ਅਤੇ ਦਇਆ ਨਾਲ ਹੀ ਖ਼ਤਮ ਹੁੰਦੀ ਹੈ।

ਆਓ ਅਸੀਂ ਜਿੰਨੀ ਛੇਤੀ ਵਧ ਸਕਦੇ ਹਾਂ ਓਨੀ ਛੇਤੀ ਵਧੀਏ; ਪਰ ਆਪਣੇ ਘਰ ਨੂੰ ਮਿਸ਼ਨ ਖੇਤਰ ਬਣਾਉਂਦੇ ਹੋਏ ਸ਼ੁਰੂਆਤ ਉੱਥੋਂ ਹੀ ਕਰੀਏ ਜਿੱਥੇ ਅਸੀਂ ਹਾਂ। ਆਓ ਅਸੀਂ ਪੱਕਾ ਇਰਾਦਾ ਕਰੀਏ ਕਿ ਯਿਸੂ ਅਤੇ ਉਸ ਦੀ ਮੁਕਤੀ ਦਾ ਸੰਦੇਸ਼ ਹੀ ਸਾਡਾ ਸੰਦੇਸ਼ ਹੋਵੇਗਾ, ਅਤੇ ਹਰ ਗੱਲ ਵਿਚ ਪਰਮੇਸ਼ੁਰ, ਮਸੀਹ ਅਤੇ ਪਵਿੱਤਰ ਆਤਮਾ ਦੀ ਦਇਆ ਉੱਤੇ ਜ਼ੋਰ ਦਈਏ। ਇਹ ਮਿਸ਼ਨ ਦਾ ਅਜਿਹਾ ਕਾਰਜ ਹੈ ਜਿਸਨੂੰ ਹਰ ਚੇਲਾ ਕਰ ਸਕਦਾ ਹੈ ਅਤੇ ਉਸ ਨੂੰ ਕਰਨਾ ਚਾਹੀਦਾ ਹੈ।

**ਯਿਸੂ ਨੂੰ ਚਲੇ ਜਾਣ ਲਈ ਕਹਿਣਾ** (5: 14-20)

ਜਦ ਯਿਸੂ ਉਸ ਆਦਮੀ ਵਿੱਚੋਂ ਉਨ੍ਹਾਂ ਭੂਤਾਂ ਨੂੰ ਕੱਢ ਰਿਹਾ ਸੀ ਜਿਨ੍ਹਾਂ ਨੇ ਉਸ ਨੂੰ ਜਕੜਿਆ ਹੋਇਆ ਸੀ, ਤਾਂ ਭੂਤਾਂ ਨੇ ਉਸ ਅੱਗੇ ਉਨ੍ਹਾਂ ਨੂੰ ਨੇੜਲੀ ਪਹਾੜੀ ਤੇ ਚਰ ਰਹੇ ਸੂਰਾਂ ਵਿਚ ਘੱਲ ਦੇਣ ਦੀ ਬੇਨਤੀ ਕੀਤੀ। ਬਿਨਾਂ ਕੋਈ ਵਿਆਖਿਆ ਦਿੱਤਿਆਂ ਕਿ ਕਿਉਂ, ਯਿਸੂ ਨੇ ਉਨ੍ਹਾਂ ਨੂੰ ਉਸ ਆਦਮੀ ਵਿੱਚੋਂ ਨਿੱਕਲ ਕੇ, ਸੂਰਾਂ ਵਿਚ ਜਾਣ ਦਾ ਮੌਕਾ ਦੇ ਦਿੱਤਾ। ਮਰਕੁਸ ਦੀ ਗੱਲ ਘੱਟ ਸ਼ਬਦਾਂ ਵਿਚ ਅਤੇ ਸਾਫ਼ ਹੈ: ''ਅਤੇ ਉਸ ਨੇ ਉਨ੍ਹਾਂ ਨੂੰ ਜਾਣ ਦਿੱਤਾ'' (5: 13)।

ਉਸ ਤੋਂ ਬਾਅਦ ਜੋ ਕੁਝ ਹੋਇਆ ਉਹ ਚੀਕਾਂ ਮਾਰਦੇ ਅਤੇ ਡੰਡ ਪਾਉਂਦੇ ਸੂਰਾਂ ਦੇ ਢੇਰ ਵਰਗਾ ਨਜ਼ਰ ਆਉਂਦਾ ਹੋਵੇਗਾ। ਮਰਕੁਸ ਨੇ ਉਨ੍ਹਾਂ ਦੀ ਗਿਣਤੀ ਦੋ ਹਜ਼ਾਰ ਦੱਸੀ। ਇਹ ਝੁੰਡ ਢਲਾਨ ਤੋਂ ਹੇਠਾਂ ਰਿੜ੍ਹ ਕੇ ਝੀਲ ਵਿਚ ਛੜਾਪ ਕਰਕੇ ਜਾ ਡਿੱਗਾ। ਆਜੜੀਆਂ ਨੂੰ ਆਪਣੀਆਂ ਅੱਖਾਂ ਤੇ ਯਕੀਨ ਨਹੀਂ ਹੋ ਰਿਹਾ ਸੀ। ਵੇਖਦੇ ਹੀ ਵੇਖਦੇ ਉਨ੍ਹਾਂ ਦੀ ਰੋਜ਼ੀ ਰੋਟੀ ਖੁੱਸ ਗਈ ਸੀ। ਸੂਰਾਂ ਦੇ ਰਖਵਾਲੇ ਉਹ ਸਭ ਨੂੰ ਜੋ ਹੋਇਆ ਸੀ, ਦੱਸਣ ਲਈ ਸ਼ਹਿਰ ਵੱਲ ਭੱਜ ਗਏ। ਸ਼ਹਿਰ ਦੇ ਲੋਕਾਂ ਨੇ ਹੈਰਾਨ ਕਰਨ ਵਾਲੀ ਇਸ ਕਹਾਣੀ ਨੂੰ ਸੁਣਿਆ ਤਾਂ ਉਹ ਆਪ ਵੇਖਣ ਲਈ ਆ ਗਏ। ਬੇਸ਼ੱਕ, ਸਹਿਮੇ ਹੋਏ ਉਨ੍ਹਾਂ ਲੋਕਾਂ ਨੇ ਚੜ੍ਹਾਈ ਤੋਂ ਹੇਠਾਂ ਵੇਖਿਆ, ਪਰ ਉਨ੍ਹਾਂ ਦੀਆਂ ਅੱਖਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਗਈਆਂ ਕਿਉਂ ਜੋ ਉਨ੍ਹਾਂ ਨੇ ''ਉਸ ਭੂਤ ਵਾਲੇ ਨੂੰ ਜਿਸ ਉੱਤੇ ਲਸ਼ਕਰ ਦਾ ਸਾਯਾ ਸੀ ਕੱਪੜੇ ਪਹਿਨੀ ਅਤੇ ਸੁਰਤ ਸਮ੍ਹਾਲੀ ਬੈਠਾ ਵੇਖਿਆ'' (5: 15)। ਲੂਕਾ 8:35 ਦੱਸਦਾ ਹੈ ਕਿ ਉਹ ਆਦਮੀ ਯਿਸੂ ਦੇ ਪੈਰਾਂ ਵਿਚ ਬੈਠਾ ਸੀ।

ਜਦੋਂ ਇਨ੍ਹਾਂ ਲੋਕਾਂ ਦੀ ਸਮਝ ਵਿਚ ਆਇਆ ਕਿ ਜੋ ਕੁਝ ਉਨ੍ਹਾਂ ਨੂੰ ਦੱਸਿਆ ਗਿਆ ਸੀ ਉਹ ਸੱਚ ਹੈ, ਤਾਂ ਉਨ੍ਹਾਂ ਦੇ ਲੂੰ ਕੰਡੇ ਖੜੇ ਹੋ ਗਏ ਅਤੇ ਉਹ ਡਰ ਨਾਲ ਕੰਬਣ ਲਗ ਪਏ। ਅਜਿਹੀ ਘਟਨਾ

ਉਨ੍ਹਾਂ ਦੀ ਸਮਝ ਤੋਂ ਪਰ੍ਹਾਂ ਦੀ ਗੱਲ ਸੀ। ਪਰਮੇਸ਼ੁਰ ਦਾ ਪੁੱਤਰ ਉਨ੍ਹਾਂ ਕੋਲ ਆਇਆ ਸੀ ਅਤੇ ਉਸ ਨੇ ਉਨ੍ਹਾਂ ਵਿਚਕਾਰ ਇਲਾਹੀ ਚਮਤਕਾਰ ਕੀਤੇ ਸਨ। ਉਹ ਉਸ ਦੇ ਇਸ ਤਰ੍ਹਾਂ ਨਾਲ ਆਉਣ ਨੂੰ ਕਿਵੇਂ ਸਮਝ ਸਕਦੇ ਸਨ? ਉਨ੍ਹਾਂ ਨੂੰ ਗਵਾਹੀ ਦਾ ਇਕ ਹਿੱਸਾ ਹੀ ਮਿਲਿਆ ਸੀ; ਅਤੇ ਜੇ ਇਸ ਗਵਾਹੀ ਨੂੰ ਸਹੀ ਢੰਗ ਨਾਲ ਨਾ ਲਿਆ ਜਾਂਦਾ, ਤਾਂ ਇਹ ਉਨ੍ਹਾਂ ਅੰਦਰ ਵਿਸ਼ਵਾਸ ਪੈਦਾ ਕਰਨ ਦੀ ਥਾਂ ਉਨ੍ਹਾਂ ਵਿੱਚ ਡਰ ਪੈਦਾ ਕਰ ਸਕਦੀ ਸੀ।

ਇਸ ਮੋਅਜਜ਼ੇ ਨੂੰ ਅੱਖੀਂ ਵੇਖਣ ਵਾਲਿਆਂ ਨੇ ਸ਼ਹਿਰੋਂ ਆਉਣ ਵਾਲਿਆਂ ਲਈ ਪੂਰੀ ਕਹਾਣੀ ਦੱਸਣ ਦੀ ਕੋਸ਼ਿਸ਼ ਕੀਤੀ। ਮਰਕੁਸ ਦੇ ਮੁਤਾਬਿਕ, ''ਵੇਖਣ ਵਾਲਿਆਂ ਨੇ ਉਸ ਭੂਤ ਵਾਲੇ ਦੀ ਵਾਰਤਾ ਅਤੇ ਸੂਰਾਂ ਦਾ ਹਵਾਲਾ ਉਨ੍ਹਾਂ ਨੂੰ ਦੱਸਿਆ'' (5:16)। ਪਰ ਇਨ੍ਹਾਂ ਲੋਕਾਂ ਲਈ ਉਸ ਨੂੰ ਜੋ ਉਹ ਸੁਣ ਰਹੇ ਸਨ, ਮੰਨ ਸਕਣਾ ਮੁਸ਼ਕਿਲ ਸੀ। ਉਨ੍ਹਾਂ ਦੇ ਖ਼ੌਫ਼ ਨੇ ਉਨ੍ਹਾਂ ਦੇ ਮਨ ਵਿਚ, ਜੇ ਕੋਈ ਵਿਸ਼ਵਾਸ ਹੋਣ ਵਾਲਾ ਸੀ, ਤਾਂ ਉਸ ਨੂੰ ਕੁਚਲ ਸੁੱਟਿਆ। ਖ਼ੌਫ਼ ਨਾਲ ਡਰੇ ਹੋਏ ਉਹ ਲੋਕ ਯਿਸੂ ਨੂੰ ਉਨ੍ਹਾਂ ਦੇ ਇਲਾਕੇ ਵਿੱਚੋਂ ਚਲੇ ਜਾਣ ਦੀ ਬੇਨਤੀ ਕਰਨ ਲੱਗੇ। ਉਹ ਇਹ ਕਲਪਨਾ ਨਹੀਂ ਕਰ ਸਕੇ ਕਿ ਇਸ ਤੋਂ ਬਾਅਦ ਕੀ ਹੋ ਸਕਦਾ ਹੈ। ਉਹ ਆਪਣੇ ਵਿਚਕਾਰ ਅਜਿਹੀ ਸਮਰੱਥਾ ਨੂੰ ਵੇਖ ਕੇ ਹੈਰਾਨ ਸਨ। ਉਨ੍ਹਾਂ ਨੇ ਛੇਤੀ ਤੋਂ ਛੇਤੀ ਯਿਸੂ ਨੂੰ ਭਜਾਉਣ ਦਾ ਇਰਾਦਾ ਕੀਤਾ ਸੀ।

ਇਹ ਦ੍ਰਿਸ਼ ਸਭ ਤੋਂ ਵੱਡੇ ਅਨੰਦ ਭਾਵ ਬਦਰੂਹਾਂ ਤੋਂ ਛੁਟਕਾਰਾ; ਡੂੰਘੇ ਖ਼ੌਫ਼, ਭਾਵ ਇਸ ਗੱਲ ਦੀ ਫ਼ਿਕਰ ਕਿ ਯਿਸੂ ਕੀ ਕਰ ਸਕਦਾ ਹੈ; ਸਭ ਤੋਂ ਵੱਡੇ ਫ਼ਾਇਦੇ, ਜਿਸਨੂੰ ਇਸ ਦਾ ਪ੍ਰਾਪਤ ਕਰਨ ਵਾਲਾ ਹੀ ਸਮਝ ਸਕਦਾ ਹੈ; ਅਤੇ ਸਭ ਤੋਂ ਬੁਰੇ ਫ਼ੈਸਲੇ, ਜਿਹੜਾ ਸ਼ਹਿਰ ਦੇ ਲੋਕਾਂ ਨੇ ਲਿਆ ਜਿਨ੍ਹਾਂ ਨੇ ਯਿਸੂ ਨੂੰ ਚਲੇ ਜਾਣ ਲਈ ਆਖਿਆ, ਨਾਲ ਭਰਿਆ ਹੋਇਆ ਹੈ। ਯਿਸੂ ਨੂੰ ਚਲੇ ਜਾਣ ਲਈ ਕਹਿਣ ਦਾ ਅਸਲ ਵਿੱਚ ਕੀ ਮਤਲਬ ਹੈ?

1. ਜਦੋਂ ਕੋਈ ਅਜਿਹਾ ਕਰਦਾ ਹੈ, ਤਾਂ ਇਹ ਸਮਝ ਵਿਚ ਆਉਣਾ ਜ਼ਰੂਰੀ ਹੈ ਕਿ *ਰਹਿਮਦਿਲ ਮੁਕਤੀਦਾਤੇ* ਨੂੰ ਜਾਣ ਲਈ ਆਖਿਆ ਜਾ ਰਿਹਾ ਹੈ। ਇਸ ਆਦਮੀ ਨੂੰ ਖ਼ੁਦਾ ਦੇ ਦਯਾਵਾਨ ਪੁੱਤਰ ਯਿਸੂ ਨੇ, ਜਿਸ ਤਰੀਕੇ ਨਾਲ ਚੰਗਿਆਈ ਦਿੱਤੀ, ਹੋਰ ਕੋਈ ਨਹੀਂ ਦੇ ਸਕਦਾ ਸੀ। ਭੂਤ ਚੰਬੜੇ ਆਦਮੀ ਦੀ ਮਦਦ ਕਰਨਾ ਕਿਸੇ ਆਦਮੀ ਦੇ ਵੱਸ ਦੀ ਗੱਲ ਨਹੀਂ ਹੈ। ਉਨ੍ਹਾਂ ਬਦਰੂਹਾਂ ਵੱਲੋਂ ਜਿਹੜੀਆਂ ਉਸ ਵਿਚ ਸਨ, ਰੋਜ਼-ਬ-ਰੋਜ਼ ਉਸ ਨੂੰ ਬਰਬਾਦ ਕੀਤਾ ਜਾ ਰਿਹਾ ਸੀ। ਉਹਦੀ ਮਾੜੀ ਹਾਲਤ ਦਾ ਇਲਾਜ ਦੁਨੀਆਂ ਦੀ ਕੋਈ ਤਾਕਤ ਨਹੀਂ ਕਰ ਸਕਦੀ ਸੀ। ਪਰ ਖ਼ੁਦਾ ਦੇ ਇਲਾਹੀ ਪੁੱਤਰ ਨੇ ਇਸ ਆਦਮੀ ਨੂੰ ਛੁਟਕਾਰੇ ਦਾ ਇਕ ਸ਼ਬਦ ਕਿਹਾ ਤਾਂ ਉਹ ਛੁੱਟ ਗਿਆ। ਵੇਖਦੇ ਹੀ ਵੇਖਦੇ ਉਹ ਪੂਰੀ ਤਰ੍ਹਾਂ ਨਾਲ ਹੋਸ਼ ਵਿਚ ਆ ਗਿਆ ਸੀ।

2. ਜਦੋਂ ਯਿਸੂ ਨੂੰ ਚਲੇ ਜਾਣ ਲਈ ਆਖਿਆ ਜਾਂਦਾ ਹੈ, ਤਾਂ ਉਹ *ਸਚਿਆਈ ਦਾ ਬਾਨੀ* ਜਾ ਰਿਹਾ ਹੁੰਦਾ ਹੈ। ਯਿਸੂ ਕੌਣ ਹੈ? ਉਹੀ ਜਿਹੜਾ ਆਖ ਸਕਦਾ ਹੈ, ''ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ'' (ਯੂਹੰਨਾ 14:6)। ਸ਼ਤਾਨ ਦੇ ਨਾਲ ਆਪਣੇ ਗੱਠਜੋੜ ਵਿੱਚ, ਬਦਰੂਹਾਂ ਨੇ ਉਸ ਸਭ ਨੂੰ ਵਿਖਾ ਦਿੱਤਾ ਜੋ ਬੁਰਾ, ਭ੍ਰਿਸ਼ਟ ਅਤੇ ਜਾਨ ਲਈ ਨੁਕਸਾਨਦੇਹ ਹੈ। ਇਸ ਦੇ ਉਲਟ, ਯਿਸੂ ਉਨ੍ਹਾਂ ਸਭ ਦਾ ਮੂਰਤ ਰੂਪ ਹੈ ਜੋ ਸੱਚ, ਸੰਪੂਰਣ ਅਤੇ ਸਹੀ ਹੈ। ਉਹ ਉਨ੍ਹਾਂ ਲਈ ਜਿਹੜੇ ਬੁਰਿਆਈ ਦੀਆਂ ਸ਼ਕਤੀਆਂ ਦੇ ਹਨੇਰੇ ਵਿਚ ਕੈਦ ਹਨ, ਮੌਤ ਦਾ ਅੰਤ ਕਰਕੇ ਜ਼ਿੰਦਗੀ ਅਤੇ ਅਮਰਤਾ ਦੇਣ ਲਈ ਆਇਆ। ਉਹ ਖ਼ੁਦਾ ਤੋਂ ਅਲਗਾਅ ਦੀ ਨਿਰਾਸ਼ਾ ਵਿਚ ਗੁਆਚੇ ਹੋਇਆਂ ਨੂੰ ਆਸ ਦਿੰਦਾ ਹੈ। ਬਦਰੂਹਾਂ ਅਤੇ ਬੁਰਿਆਈ ਨੂੰ ਭਜਾ ਕੇ ਉਸ ਨੇ ਇਸ ਆਦਮੀ ਨੂੰ ਜਿਹੜਾ ਹਨੇਰੇ ਵਿਚ ਜੀ ਰਿਹਾ ਸੀ, ਜ਼ਿੰਦਗੀ, ਰੌਸ਼ਨੀ ਅਤੇ ਸਚਿਆਈ ਦਿੱਤੀ।

3. ਜਦੋਂ ਯਿਸੂ ਨੂੰ ਚਲੇ ਜਾਣ ਲਈ ਆਖਿਆ ਜਾਂਦਾ ਹੈ, ਤਾਂ *ਬੁਰਿਆਈ ਨੂੰ ਸਜ਼ਾ ਦੇਣ ਵਾਲੇ* ਨੂੰ ਠੁਕਰਾਇਆ ਜਾ ਰਿਹਾ ਹੁੰਦਾ ਹੈ। ਬਦਰੂਹਾਂ ਨੇ ਮਨੁੱਖਜਾਤੀ ਦੇ ਵਿਚਕਾਰ ਪਛਾਣ ਅਤੇ ਕੰਟਰੋਲ

ਚਾਹਿਆ। ਜੇ ਕੰਟਰੋਲ ਬਣਾਈ ਰੱਖਣ ਲਈ ਉਨ੍ਹਾਂ ਲਈ ਯਿਸੂ ਨੂੰ ਮੰਨਣਾ ਜ਼ਰੂਰੀ ਹੁੰਦਾ, ਤਾਂ ਉਨ੍ਹਾਂ ਨੂੰ ਖੁੱਲ੍ਹ ਕੇ ਮੰਨਣਾ ਲੈਣਾ ਸੀ। ਉਹ ਨੇ ਮੰਨ ਲੈਣਾ ਸੀ ਕਿ ''ਯਿਸੂ ਪਰਮ ਪ੍ਰਧਾਨ ਦਾ ਪੁੱਤਰ ਹੈ'' (5:7)।

ਬੁਰਿਆਈ ਨੂੰ ਸਜ਼ਾ ਦਿੱਤੀ ਜਾਣੀ ਜ਼ਰੂਰੀ ਹੈ। ਇਸ ਨੂੰ ਇੱਥੇ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ, ਅਤੇ ਅਨਾਦੀਕਾਲ ਵਿਚ ਵੀ ਇਸ ਨੂੰ ਸਜ਼ਾ ਮਿਲੇਗੀ। ਜਿਨ੍ਹਾਂ ਨੂੰ ਸਮਝ ਵਿਚ ਨਹੀਂ ਆਉਂਦਾ ਕਿ ਬੁਰਿਆਈ ਕੀ ਹੈ ਅਤੇ ਮਨੁੱਖਜਾਤੀ ਨਾਲ ਇਹ ਕੀ ਕਰਦੀ ਹੈ, ਸੰਸਾਰ ਵਿਚ ਇਹ ਉਨ੍ਹਾਂ ਤੋਂ ਬਦਲਾ ਲਵੇਗੀ ਅਤੇ ਇੱਕ ਦਿਨ ਉਨ੍ਹਾਂ ਨੂੰ ਇਸ ਦੀ ਸਜ਼ਾ ਮਿਲੇਗੀ। ਯਿਸੂ ਸਾਨੂੰ ਬੁਰਿਆਈ ਤੋਂ ਛਡਾਉਣ ਲਈ ਜਗਤ ਵਿਚ ਆਇਆ ਸੀ। ਅਸੀਂ ਉਸ ਨੂੰ ਜਾਣ ਨਾ ਦੇਈਏ!

*ਨਿਚੋੜ:* ਦੁਨੀਆਂ ਦੇ ਸਭ ਤੋਂ ਵੱਡੇ ਦੁਖਾਂਤਾਂ ਵਿੱਚੋਂ ਇਕ, ਉਦੋਂ ਹੁੰਦਾ ਹੈ ਜਦੋਂ ਲੋਕ ਯਿਸੂ ਨੂੰ ਚਲੇ ਜਾਣ ਲਈ ਆਖਦੇ ਹਨ। ਇਹ ਗਲਤੀ ਨਹੀਂ ਬਲਕਿ ਆਫ਼ਤ ਹੈ, ਜਿਸਦੇ ਨਤੀਜੇ ਅਨੰਤਕਾਲਿਕ ਹਨ।

ਇਸ ਦ੍ਰਿਸ਼ ਦਾ ਉਲਟਾ ਉਦੋਂ ਹੋਇਆ ਜਦੋਂ ਯੂਹੰਨਾ 4 ਅਧਿਆਇ ਵਿਚ ਯਾਕੂਬ ਦੇ ਖੂਹ ਤੇ ਯਿਸੂ ਨੂੰ ਇਕ ਸਾਮਰੀ ਔਰਤ ਮਿਲੀ। ਇਹ ਪਤਾ ਚੱਲ ਜਾਣ ਤੇ ਕਿ ਯਿਸੂ ਕੌਣ ਹੈ, ਉਸ ਨੇ ਇਸ ਸਬੂਤ ਨੂੰ ਮੰਨ ਲਿਆ ਕਿ ਉਹੀ ਮਸੀਹਾ ਹੈ। ਉਸ ਨੇ ਉਸ ਨੂੰ ਚਲੇ ਜਾਣ ਲਈ ਨਹੀਂ ਕਿਹਾ ਬਲਕਿ ਉਸ ਨੇ ਉਸ ਨੂੰ ਰੁਕ ਜਾਣ ਲਈ ਆਖਿਆ। ਉਸ ਨੇ ਭੱਜ ਕੇ ਸ਼ਹਿਰ ਵਿਚ ਹਰ ਮਿਲਣ ਵਾਲੇ ਨੂੰ ਦੱਸ ਦਿੱਤਾ ਕਿ ਉਹ ਮਸੀਹਾ ਨੂੰ ਮਿਲੀ ਸੀ। ਉਸ ਸ਼ਹਿਰ ਦੇ ਲੋਕਾਂ ਨੇ ਆਣ ਕੇ ਉਸ ਨੂੰ ਕੁਝ ਦੇਰ ਲਈ ਉਨ੍ਹਾਂ ਦੇ ਨਾਲ ਰਹਿਣ ਦਾ ਸੱਦਾ ਦਿੱਤਾ। ਯਿਸੂ ਦੇ ਉਨ੍ਹਾਂ ਦੇ ਨਾਲ ਦੋ ਦਿਨਾਂ ਤਕ ਰਹਿਣ ਤੋਂ ਬਾਅਦ ਉਨ੍ਹਾਂ ਨੇ ਉਸ ਔਰਤ ਨੂੰ ਜਿਸਨੇ ਯਿਸੂ ਬਾਰੇ ਦੱਸਿਆ ਸੀ, ਆਖਿਆ, ''ਹੁਣ ਜੋ ਅਸੀਂ ਨਿਹਚਾ ਕਰਦੇ ਹਾਂ ਸੋ ਤੇਰੇ ਕਹਿਣੇ ਕਰਕੇ ਨਹੀਂ ਕਿਉਂਕਿ ਅਸਾਂ ਆਪ ਸੁਣਿਆ ਹੈ ਅਤੇ ਜਾਣਦੇ ਹਾਂ ਜੋ ਇਹ ਠੀਕ ਜਗਤ ਦਾ ਤਾਰਨਹਾਰਾ ਹੈ'' (ਯੂਹੰਨਾ 4:42)।

ਜਦੋਂ ਕੋਈ ਯਿਸੂ ਨੂੰ ਚਲੇ ਜਾਣ ਲਈ ਆਖਦਾ ਹੈ, ਤਾਂ ਉਹ ਸਮੇਂ ਵਿਚ ਅਤੇ ਅਨਾਦੀਕਾਲ ਵਿਚ ਸੁਨਹਿਰੀ ਮੌਕਾ ਹੱਥੋਂ ਗੁਆ ਦਿੰਦਾ ਹੈ। ਜਦੋਂ ਯਿਸੂ ਨੂੰ ਰੁਕਣ ਲਈ ਆਖਿਆ ਜਾਂਦਾ ਹੈ, ਤਾਂ ਸਾਡੇ ਹੱਥਾਂ ਅਤੇ ਮਨਾਂ ਵਿਚ ਰੂਹਾਨੀ ਅਤੇ ਅਨਾਦੀ ਦਾਨਾਂ ਦੀਆਂ ਬਰਕਤਾਂ ਨੂੰ ਛਾਪਿਆ ਜਾ ਰਿਹਾ ਹੁੰਦਾ ਹੈ। ਹਰ ਵਿਅਕਤੀ ਲਈ ਜਿਸਨੂੰ ਪਵਿੱਤਰ ਲਿਖਤ ਦੀ ਗਵਾਹੀ ਮਿਲਦੀ ਹੈ, ਫ਼ੈਸਲਾ ਲੈਣਾ ਜ਼ਰੂਰੀ ਹੈ ਕਿ ਯਿਸੂ ਨੂੰ ਚਲੇ ਜਾਣ ਲਈ ਆਖਣਾ ਜ਼ਰੂਰੀ ਹੈ ਜਾਂ ਫਿਰ ਰੁਕ ਜਾਣ ਲਈ। ਤੁਸੀਂ ਅਤੇ ਮੈਂ ਕੀ ਆਖਾਂਗੇ? ਵਫ਼ਦਾਰੀ ਵਾਲੀ ਜ਼ਿੰਦਗੀ ਇਸ ਸੰਸਾਰ ਵਿਚ ਅਨਾਦੀਕਾਲ ਤਕ ਇਸੇ ਫ਼ੈਸਲੇ ਤੇ ਟਿਕੀ ਹੈ।

## ਯਿਸੂ ਅੱਗੇ ਬੇਨਤੀ ਕਰਨਾ (5:21-24)

5:21–43 ਵਾਲੇ ਲੰਮੇ ਵਿਰਤਾਂਤ ਦੀ ਸ਼ੁਰੂਆਤ ਵਿਚ, ਸਾਨੂੰ ਦੱਸਿਆ ਗਿਆ ਹੈ ਕਿ ਯਿਸੂ ਗਲੀਲ ਦੀ ਝੀਲ ਦੇ ਪੱਛਮੀ ਕੰਢੇ ਵੱਲ ਮੁੜ ਆਇਆ ਸੀ। ਗਿਰਸੇਨੀਆਂ ਦੇ ਇਲਾਕੇ ਦੇ ਲੋਕਾਂ ਨੇ ਯਿਸੂ ਨੂੰ ਚਲੇ ਜਾਣ ਲਈ ਆਖਿਆ; ਪਰ ਕਫ਼ਰਨਾਹੂਮ ਦੇ ਲੋਕਾਂ ਨੇ ਉਨ੍ਹਾਂ ਦੇ ਵਿਚਕਾਰ ਥੋੜੀ ਦੇਰ ਤਕ ਰਹਿਣ ਦੇ ਦੌਰਾਨ ਉਸ ਦਾ ਫੇਰ ਤੋਂ ਸਵਾਗਤ ਕੀਤਾ ਸੀ। ਸਾਫ਼ ਹੈ ਕਿ ਕਫ਼ਰਨਾਹੂਮ ਦੇ ਲੋਕਾਂ ਨੇ ਅਨੰਦ ਅਤੇ ਉਤਸ਼ਾਹ ਨਾਲ ਉਸ ਨੂੰ ਕਬੂਲ ਕੀਤਾ। ਉਨ੍ਹਾਂ ਨੇ ਸੁਣਿਆ ਸੀ ਕਿ ਉਹ ਆ ਰਿਹਾ ਹੈ ਅਤੇ ਉਸ ਤੋਂ ਸਵਾਲ ਪੁੱਛਣ ਅਤੇ ਉਸ ਤੋਂ ਸੁਣਨ ਦੀ ਤਾਂਘ ਨਾਲ ਕਿਨਾਰੇ ਤੇ ਸਨ। ਮਰਕੁਸ ਨੇ ਆਖਿਆ ਕਿ ''ਇਕ ਵੱਡੀ ਭੀੜ ਉਸ ਕੋਲ ਇਕੱਠੀ ਹੋਈ ਅਤੇ ਉਹ ਝੀਲ ਦੇ ਕੰਢੇ ਉੱਤੇ ਸੀ'' (5:21)।

ਕੰਢੇ ਤੇ ਖਲੋਤੇ ਇਹ ਲੋਕ ਸ਼ਾਇਦ ਉਹ ਸਨ ਜਿਨ੍ਹਾਂ ਨੇ ਯਿਸੂ ਦੇ ਮੋਅਜਜ਼ਿਆਂ ਨੂੰ ਵੇਖਿਆ ਸੀ ਜਾਂ ਉਨ੍ਹਾਂ ਨਾਲ ਮੋਅਜਜ਼ੇ ਹੋਏ ਸਨ। ਕਫ਼ਰਨਾਹੂਮ ਵਿਚ ਉਸ ਨੇ ਕਈ ਮੋਅਜਜ਼ੇ ਕੀਤੇ ਸਨ। ਜੋ ਕੁਝ ਉਹਨੇ ਉਨ੍ਹਾਂ ਲਈ ਕੀਤਾ ਸੀ ਉਹਦੇ ਲਈ ਸੁਕਰਗੁਜ਼ਾਰੀ ਅਤੇ ਧੰਨਵਾਦ ਕਰਨ ਦੀ ਪ੍ਰੇਰਣਾ ਲਈ ਉਹ ਉਸ ਦੇ ਦੁਆਲੇ ਜਿੰਨਾ ਹੋ ਸਕੇ ਇਕੱਠਾ ਹੋ ਗਏ। ਇਨ੍ਹਾਂ ਵਿੱਚੋਂ ਕੁਝ ਲੋਕ ਉਸ ਦੇ ਚੇਲੇ ਬਣ ਰਹੇ

ਸਨ ਅਤੇ ਉਸ ਵਿਚ ਉਨ੍ਹਾਂ ਦੀ ਦਿਲਚਸਪੀ ਸਿਰਫ਼ ਚੰਗਿਆਈ ਦੇਣ ਦੀਆਂ ਉਸ ਦੀਆਂ ਸ਼ਕਤੀਆਂ ਵੱਲ ਖਿੱਚੇ ਜਾਣ ਕਰਕੇ ਨਹੀਂ ਸੀ।

ਜਦੋਂ ਲੋਕਾਂ ਨੇ ਆਪਣੇ ਕੋਲ ਯਿਸੂ ਨੂੰ ਰੁਕਣ ਦਿੱਤਾ, ਜਦੋਂ ਸਚਮੁਚ ਉਸ ਦੀਆਂ ਸਿੱਖਿਆਵਾਂ ਨੂੰ ਸੁਣਿਆ ਅਤੇ ਉਨ੍ਹਾਂ ਵਿਚਾਰ ਕੀਤਾ, ਅਤੇ ਜਦੋਂ ਘੱਟੋ–ਘੱਟ ਆਂਸ਼ਿਕ ਤੌਰ ਤੇ ਇਹ ਸਮਝ ਲਿਆ ਕਿ ਉਹ ਅਸਲ ਵਿੱਚ ਕੌਣ ਹੈ, ਤਾਂ ਘੱਟੋ–ਘੱਟ ਉਨ੍ਹਾਂ ਵਿੱਚੋਂ ਕੁਝ ਲੋਕਾਂ ਨੇ ਉਸ ਨੂੰ ਮੰਨ ਲਿਆ ਅਤੇ ਉਹਦੇ ਚੇਲੇ ਬਣ ਗਏ। ਗਲੀਲ ਵਿਚ ਖ਼ਾਸ ਤੌਰ ਤੇ ਇਹੀ ਹੋਇਆ। ਦੂਜੇ ਸਬਦਾਂ ਵਿੱਚ, ਉਸ ਨੇ ਜਵਾਨਾਂ ਅਤੇ ਬਜ਼ੁਰਗਾਂ, ਪੜ੍ਹੇ ਲਿਖਿਆਂ ਅਤੇ ਅਨਪੜ੍ਹਾਂ, ਅਮੀਰਾਂ ਅਤੇ ਗ਼ਰੀਬਾਂ, ਧਰਮੀਆਂ ਅਤੇ ਪਾਪੀਆਂ ਅਤੇ ਇੱਥੋਂ ਤਕ ਕਿ ਕੁਝ ਸਿਆਸੀ ਲੋਕਾਂ ਨੂੰ ਵੀ ਆਪਣੇ ਵੱਲ ਖਿੱਚਿਆ ਸੀ। ਉਸ ਨੇ ਅਜਿਹੇ ਗੁਣ ਵਿਖਾਏ ਜਿਨ੍ਹਾਂ ਨਾਲ ਲੋਕਾਂ ਨੂੰ ਯਕੀਨ ਆਇਆ, ਅਤੇ ਉਹ ਪਿਆਰ ਨਾਲ ਭਰੇ ਹੋਏ ਅਤੇ ਉਨ੍ਹਾਂ ਨੂੰ ਸਿਹਤ, ਸ਼ਾਂਤੀ, ਸਮਰਪਣ ਅਤੇ ਸਹੀ ਸੋਚ ਵੱਲ ਦਿਸ਼ਾ ਮਿਲੀ। ਯਿਸੂ ਦੀ ਮੌਜੂਦਗੀ ਨੇ ਲੋਕਾਂ ਉੱਤੇ ਖ਼ੁਦਾ ਦੀ ਮੌਜੂਦਗੀ ਨੂੰ ਜ਼ਾਹਿਰ ਕੀਤਾ। ਸ਼ੁੱਧ ਮਨ ਲੋਕਾਂ ਨੇ ਉਸ ਨੂੰ ਪਿਆਰ ਕੀਤਾ ਅਤੇ ਉਸ ਦੇ ਮਗਰ ਚੱਲਣਾ ਚਾਹਿਆ।

5:21–24 ਵਿਚ ਅਸੀਂ ਲਿਖਤ ਦੇ ਵੱਡੇ ਹਿੱਸੇ ਦੇ ਇੱਕ ਸੰਖੇਪ ਭਾਗ ਨੂੰ ਵੇਖਦੇ ਹਾਂ ਕਿ ਚੰਗੇ ਲੋਕ ਮਾਯੂਸ ਹੋਣ ਤੇ ਯਿਸੂ ਨੂੰ ਲੱਭਦੇ ਸਨ। ਉਨ੍ਹਾਂ ਲੋਕਾਂ ਲਈ ਜਿਹੜੇ ਆਪਣੀ ਤਾਕਤ ਅਤੇ ਸਮਝ ਦੇ ਖਾਤਮੇ ਦੇ ਨੇੜੇ ਸਨ, ਮਦਦ ਸਿਰਫ਼ ਉਹੀ ਕਰ ਸਕਦਾ ਸੀ। ਇਹੀ ਕਾਰਣ ਹੈ ਕਿ ਜਦੋਂ ਯਿਸੂ ਭੀੜ ਨੂੰ ਉਪਦੇਸ਼ ਦੇ ਰਿਹਾ ਸੀ, ਤਾਂ ਜੈਰੁਸ ਨਾਮ ਦਾ ਸਿਨਾਗੋਗ ਦਾ ਇਕ ਅਧਿਕਾਰੀ ਉਸ ਕੋਲ ਆਣ ਕੇ ਉਸ ਦੇ ਅੱਗੇ ਬੇਨਤੀ ਕਰਨ ਲੱਗਾ ਕਿ ਉਸ ਦੀ ਬਾਰਾਂ ਸਾਲਾਂ ਦੀ ਬੇਟੀ ਨੂੰ ਖ਼ਤਰਨਾਕ ਬਿਮਾਰੀ ਤੋਂ ਬਚਾ ਲਵੇ। ਇਹ ਅਧਿਕਾਰੀ ਯਿਸੂ ਕੋਲ ਆਣ ਕੇ ਉਹਦੇ ਪੈਰੀਂ ਪੈ ਗਿਆ, ਤਰਲੇ ਕਰਦਿਆਂ ਉਸ ਨੂੰ ਦੱਸਣ ਲੱਗਾ ਕਿ ਉਹਦੀ ਧੀ ''ਮਰਨਾਊ ਹੈ।'' ਉਹ ਚਾਹੁੰਦਾ ਸੀ ਕਿ ਯਿਸੂ ਉਹਦੇ ਘਰ ਜਾ ਕੇ ਉਹਦੇ 'ਤੇ ਹੱਥ ਰੱਖੇ, ''ਤਾਂ ਜੋ ਉਹ ਚੰਗੀ ਹੋ ਜਾਵੇ ਅਤੇ ਜੀਉਂਦੀ ਰਹੇ'' (5:22, 23)। ਆਪਣੇ ਸੁਭਾਅ ਦੇ ਮੁਤਾਬਿਕ ਯਿਸੂ ਨੇ ਉਹਦੀ ਬੇਨਤੀ ਤੇ ਰਹਿਮ ਵਿਖਾਇਆ। ਉਹ ਝੱਟ ਉਪਦੇਸ਼ ਦੇਣ ਤੋਂ, ਰੁਕ ਗਿਆ ਅਤੇ ਜੈਰੁਸ ਨਾਲ ਉਹਦੇ ਘਰ ਵੱਲ ਨੂੰ ਚੱਲ ਪਿਆ।

ਇਸ ਹਾਕਮ ਨੂੰ ਭਰੋਸਾ ਸੀ ਕਿ ਉਹਦੀ ਬੇਟੀ ਦੀ ਹਾਲਤ ਯਿਸੂ ਨੂੰ ਪਤਾ ਲਗ ਜਾਏ ਤਾਂ ਬੇਟੀ ਦੀ ਮਦਦ ਹੋ ਸਕਦੀ ਹੈ। ਯਿਸੂ ਕੋਲ ਜਾ ਕੇ ਉਹਨੇ ਨਵੇਂ ਨੇਮ ਦੇ ਕਿਸੇ ਵੀ ਹੋਰ ਵਿਅਕਤੀ ਆਪਣੀ ਲੋੜ ਨੂੰ ਪੂਰੀ ਤਾਕਤ ਨਾਲ, ਅਦਬ ਨਾਲ ਅਤੇ ਖ਼ੂਬਸੂਰਤੀ ਨਾਲ ਪੇਸ਼ ਕੀਤਾ। ਉਸ ਤੋਂ ਸਾਨੂੰ ਇਹ ਪਤਾ ਲਗਦਾ ਹੈ ਕਿ ਯਿਸੂ ਅੱਗੇ ਸਹੀ ਢੰਗ ਨਾਲ ਬੇਨਤੀ ਕਿਵੇਂ ਕੀਤੀ ਜਾਵੇ। ਜਦੋਂ ਅਸੀਂ ਜਾਣਨਾ ਚਾਹੁੰਦੇ ਹਾਂ ਕਿ ਯਿਸੂ ਅੱਗੇ ਬੇਨਤੀ ਕਿਵੇਂ ਕੀਤੀ ਜਾਵੇ, ਤਾਂ ਸਾਨੂੰ ਨਕਲ ਕਰਨ ਲਈ ਜੈਰੁਸ ਦਾ ਵਧੀਆ ਨਮੂਨਾ ਮਿਲਦਾ ਹੈ। ਆਓ ਵੇਖਦੇ ਹਾਂ ਕਿ ਉਸ ਨੇ ਕੀ ਕਿਹਾ ਅਤੇ ਕਿਵੇਂ ਕਿਹਾ।

1. ਇਹ ਧਰਮੀ ਆਦਮੀ ਯਿਸੂ ਕੋਲ *ਭਗਤੀ ਭਾਵ ਨਾਲ* ਗਿਆ। ਮਰਕੁਸ ਨੇ ਆਖਿਆ ਕਿ ''ਵੇਖ ਕੇ ਉਹ ਯਿਸੂ ਦੇ ਪੈਰੀਂ ਪੈ ਗਿਆ'' (5:22)। ਯਕੀਨਨ ਇਹ ਕਿਸੇ ਵੱਡੇ ਅਧਿਕਾਰੀ ਅੱਗੇ ਬੇਨਤੀ ਕਰਨ ਦੀ ਪੂਰਬੀ ਰੀਤ ਨਾਲੋਂ ਵਧ ਕੇ ਸੀ। ਉਸ ਨੂੰ ਯਿਸੂ ਵਿਚ ਐਨਾ ਵਿਸ਼ਵਾਸ ਸੀ ਕਿ ਯਿਸੂ ਦੀ ਮੌਜੂਦਗੀ ਵਿਚ ਅੰਦਰ ਆਣ ਕੇ ਉਹ ਗੋਡਿਆਂ ਭਾਰ ਝੁਕ ਗਿਆ। ਇਹ ਯਿਸੂ ਨੂੰ ਭਗਤੀਭਾਵ ਨਾਲ ਮੰਨਣਾ ਸੀ।

ਖ਼ੁਦਾ ਅਤੇ ਭਗਤੀ ਨਾਲੋਂ–ਨਾਲ ਚੱਲਦੇ ਹਨ। ਮਨੁੱਖ ਦੀ ਭਗਤੀ ਨਹੀਂ ਹੋਣੀ ਚਾਹੀਦੀ, ਪਰ ਖ਼ੁਦਾ ਦੀ ਹੋਣੀ ਚਾਹੀਦੀ ਹੈ। ਜੈਰੁਸ ਨੂੰ ਪਤਾ ਸੀ ਕਿ ਯਿਸੂ ਵਿਚ ਕਿਸੇ ਨਾਲੋਂ ਵੀ, ਜਿਸਨੂੰ ਉਹ ਪਹਿਲਾਂ ਕਦੇ ਜਾਣਦਾ ਸੀ, ਵੱਧ ਸ਼ਕਤੀਆਂ ਸਨ। ਉਹ ਇਹ ਮੰਨ ਗਿਆ ਹੋਵੇਗਾ ਕਿ ਯਿਸੂ ਦੇ ਸੁਭਾਅ ਨਾਲ ਹੀ ''ਖ਼ੁਦਾਈ'' ਨੂੰ ਸਮਝਾਇਆ ਜਾ ਸਕਦਾ ਹੈ ਜੋ ਕੁਝ ਉਹ ਯਿਸੂ ਨੂੰ ਮੰਨਦਾ ਸੀ, ਉਸ ਦੇ ਕਾਰਣ

ਉਹਦੇ ਮਨ ਨੇ ਉਸ ਨੂੰ ਉਹਦਾ ਯੋਗ ਆਦਰ ਦੇਣ ਲਈ ਮਜਬੂਰ ਕਰ ਦਿੱਤਾ।

ਜਦੋਂ ਅਸੀਂ ਖ਼ੁਦਾ ਦੇ ਸਾਹਮਣੇ ਆਪਣੀਆਂ ਬੇਨਤੀਆਂ ਲੈ ਕੇ ਆਉਂਦੇ ਹਾਂ, ਤਾਂ ਸਾਨੂੰ ਆਪਣੇ ਸ਼ਬਦਾਂ ਦੇ ਨਾਲ-ਨਾਲ ਆਪਣੇ ਕੰਮਾਂ ਵਿਚ ਆਪਣੀ ਉਸ ਸਮਝ ਨੂੰ ਵਿਖਾਉਣਾ ਜ਼ਰੂਰੀ ਹੁੰਦਾ ਹੈ ਕਿ ਉਹ ਕੌਣ ਹੈ। ਉਹਦੇ ਅੱਗੇ ਸਾਨੂੰ ਖ਼ੁਦਾ ਦਾ ਭੈਅ ਮੰਨਣ ਵਾਲੇ, ਵਿਸ਼ਵਾਸੀ, ਭਗਤੀ ਨਾਲ ਭਰੇ ਲੋਕਾਂ ਦੇ ਰੂਪ ਵਿਚ ਝੁਕਣਾ ਜ਼ਰੂਰੀ ਹੈ।

2. ਇਸ ਤੋਂ ਛੁੱਟ, ਇਹ ਪਿਤਾ ਯਿਸੂ ਅੱਗੇ *ਸੱਚੇ ਦਿਲੋਂ* ਗਿਆ। ਬਾਈਬਲ ਦੱਸਦੀ ਹੈ ਕਿ ਉਸ ਨੇ ''ਉਹਦੀ ਬਹੁਤ ਮਿੰਨਤ ਕੀਤੀ'' (5:23)। ਉਸ ਦੀ ਬੇਟੀ ਬਹੁਤ ਬਿਮਾਰ ਸੀ। ਉਹ ਬਾਰਾਂ ਸਾਲਾਂ ਦੀ ਸੀ ਅਤੇ ਮਰਨ ਵਾਲੀ ਸੀ। ਜੈਰੁਸ ਨੇ ਤਨੋਂ ਮਨੋਂ ਹੋ ਕੇ ਬੇਨਤੀ ਕੀਤੀ। ਉਸ ਦੀ ਮਾਯੂਸੀ ਨੂੰ ਯਿਸੂ ਉਹਦੀ ਹਰ ਗੱਲ ਵਿਚ ਵੇਖ ਸਕਦਾ ਸੀ। ਯਿਸੂ ਤੋਂ ਇਲਾਵਾ ਉਹਨੂੰ ਹੋਰ ਕਿਸੇ ਦਾ ਪਤਾ ਨਹੀਂ ਸੀ ਜਿਹੜਾ ਕਿਸੇ ਮਰ ਰਹੇ ਵਿਅਕਤੀ ਨੂੰ ਮੌਤ ਦੇ ਮੂੰਹ ਵਿੱਚੋਂ ਬਚਾ ਸਕੇ। ਖ਼ੁਦਾ ਅੱਗੇ ਜਿਹੜਾ ਸਾਡੀ ਜ਼ਿੰਦਗੀ ਅਤੇ ਮੌਤ ਦੇ ਵਿਚਕਾਰ ਖਲੋਤਾ ਹੈ, ਸੱਚੇ ਦਿਲੋਂ ਦੁਆ ਕਰਨ ਵਾਲੇ ਲਈ ਇਹ ਸਹੀ ਹੈ। ਯੂਨਾਹ ਵਾਂਗ, ਜੈਰੁਸ ਵੀ ਇਹ ਵਿਖਾਉਂਦਾ ਹੈ ਕਿ ਸਾਨੂੰ ਸਚੇ ਦਿਲੋਂ ਦੁਆ ਕਰਨੀ ਚਾਹੀਦੀ ਹੈ।

3. ਜੈਰੁਸ ਯਿਸੂ ਕੋਲ *ਪੱਕਾ ਇਰਾਦਾ* ਲੈ ਕੇ ਗਿਆ। ਉਹਦੇ ਦਿਮਾਗ ਵਿਚ ਇਕ ਯੋਜਨਾ ਸੀ। ਉਹ ਯਿਸੂ ਤੋਂ ਇਕ ਗੱਲ ਚਾਹੁੰਦਾ ਸੀ ਕਿ ''ਉਹਦੇ ਉੱਤੇ ਆਪਣੇ ਹੱਥ ਰੱਖ ਤਾਂ ਜੋ ਉਹ ਚੰਗੀ ਹੋ ਜਾਵੇ ਅਤੇ ਜੀਉਂਦੀ ਰਹੇ'' (5:23)। ਉਸ ਨੂੰ ਯਿਸੂ ਵਿੱਚ ਐਨਾ ਵਿਸ਼ਵਾਸ ਸੀ ਕਿ ਉਹਦਾ ਮੰਨਣਾ ਸੀ ਕਿ ਯਿਸੂ ਦੇ ਹੱਥਾਂ ਵਿੱਚ ਐਨੀ ਸਮਰੱਥਾ ਹੈ ਕਿ ਉਹ ਉਹਦੀ ਧੀ ਨੂੰ ਭਿਆਨਕ ਬਿਮਾਰੀ ਤੋਂ ਉਠਾ ਸਕਦਾ ਹੈ।

ਕੋਈ ਵੀ ਵਿਅਕਤੀ ਜਿਹੜਾ ਰੂਹਾਨੀ ਲੋੜਾਂ ਤੇ ਗੰਭੀਰਤਾ ਨਾਲ ਵਿਚਾਰ ਕਰਦਾ ਹੈ ਉਸ ਨੂੰ ਚੰਗੀ ਤਰ੍ਹਾਂ ਨਾਲ ਪਤਾ ਹੁੰਦਾ ਹੈ ਕਿ ਉਸ ਨੂੰ ਖ਼ੁਦਾ ਤੋਂ ਕੀ ਮੰਗਣਾ ਚਾਹੀਦਾ ਹੈ। ਉਸ ਦੇ ਮਨ ਵਿਚ ਮੁਕਤੀ ਦੇਣ ਵਾਲੀ ਦਇਆ ਦੀ ਮਸੀਹ ਦੀ ਗੱਲ ਹੋਣੀ ਜ਼ਰੂਰੀ ਹੈ ਨਹੀਂ ਤਾਂ ਉਹ ਰੂਹਾਨੀ ਤੌਰ ਤੇ ਮਰ ਜਾਵੇਗਾ। ਮੁਕਤੀ ਮਨੁੱਖ ਦੀ ਸਭ ਤੋਂ ਵੱਡੀ ਲੋੜ ਹੈ। ਸਲੀਬ ਉੱਤੇ ਮਰਨ ਵਾਲੇ ਡਾਕੂ ਨੂੰ ਵੀ, ਭਾਵੇਂ ਉਹਨੇ ਰੂਹਾਨੀ ਗੱਲਾਂ ਤੇ ਬਹੁਤਾ ਵਿਚਾਰ ਨਹੀਂ ਕੀਤਾ ਸੀ, ਉਸ ਮੁਕਤੀ ਦੀ ਲੋੜ ਦਾ ਪਤਾ ਸੀ ਜਿਹੜੀ ਯਿਸੂ ਦੇ ਸਕਦਾ ਹੈ। ਦਮ ਤੋੜਦੇ ਹੋਏ ਉਹਨੇ ਪੱਕੇ ਇਰਾਦੇ ਨਾਲ ਯਿਸੂ ਨੂੰ ਆਪਣੇ ਰਾਜ ਵਿਚ ਆਉਣ ਤੇ ਉਸ ਨੂੰ ਯਾਦ ਕਰਨ ਲਈ ਆਖਿਆ।

4. ਲਿਖਤ ਦੇ ਇਸ ਹਿੱਸੇ ਵਾਲੇ ਸਿਨਾਗੋਗ ਵਾਲਾ ਅਧਿਕਾਰੀ ਯਿਸੂ ਕੋਲ *ਬਿਨਾਂ ਦੇਰ ਕੀਤੇ* ਗਿਆ। ਉਹਨੂੰ ਪਤਾ ਸੀ ਕਿ ਉਹਦੀ ਬੇਟੀ ਆਖ਼ਰੀ ਸਾਹ ਲੈ ਰਹੀ ਹੈ। ਜੈਰੁਸ ਨੇ ਕਿਹਾ ਕਿ ਉਹ ''ਮਰਨਾਊ'' ਸੀ (5:23)। ਲੂਕਾ 8:42 ਸੰਕੇਤ ਦਿੰਦਾ ਹੈ ਕਿ ਉਸ ਦੀ ਧੀ ''ਮਰਨਾਊ'' ਸੀ; ਪਰ ਮੱਤੀ 9:18 ਦੇ ਮੁਤਾਬਿਕ ਉਸ ਆਦਮੀ ਨੇ ਆਖਿਆ, ''ਮੇਰੀ ਬੇਟੀ ਹੁਣੇ ਮਰੀ ਹੈ।'' ਜੈਰੁਸ ਨੂੰ ਪਤਾ ਸੀ ਕਿ ਘੱਟੋ-ਘੱਟ ਉਹ ਮਰ ਰਹੀ ਹੈ, ਭਾਵ ਕਿਸੇ ਵੀ ਸਮੇਂ ਮਰ ਸਕਦੀ ਸੀ। ਆਪਣੀ ਲਾਡਲੀ ਧੀ ਨਾਲ ਇਸ ਪਿਤਾ ਦੇ ਇਸ ਖ਼ਾਸ ਰਿਸ਼ਤੇ ਨੇ ਉਹਦੀ ਬੇਨਤੀ ਦੀ ਗਰਮਜੋਸ਼ੀ ਨੂੰ ਵਧਾ ਦਿੱਤਾ।

ਸਾਡੇ ਵਿੱਚੋਂ ਹਰ ਕੋਈ ਕਦੇ ਨਾ ਕਦੇ ਇਸ ਸੰਸਾਰ ਅਤੇ ਅਨਾਦੀਕਾਲ ਵਿਚ ਜ਼ਿੰਦਗੀ ਦੇ ਵਿਚਕਾਰ ਖਲੋਤਾ ਹੈ। ਦੇਹ ਦਾ ਪਤਲਾ ਜਿਹਾ ਪੜਦਾ ਨਾਸਵਾਨ ਨੂੰ ਅਵਿਨਾਸ਼ੀ ਤੋਂ ਅੱਡ ਕਰਦਾ ਹੈ। ਸੰਸਾਰਿਕ ਮੁਸ਼ਕਿਲਾਂ ਨੂੰ ਆਮ ਤੌਰ ਤੇ ਸੁਧਾਰਿਆ ਜਾ ਸਕਦਾ ਹੈ, ਪਰ ਅਨਾਦੀਕਾਲ ਵਿਚ ਗੁਆਚੀ ਜਾਨ ਦੇ ਛੁਟਕਾਰੇ ਦੀ ਯੋਜਨਾ ਤਕ ਕੋਈ ਪਹੁੰਚ ਨਹੀਂ ਹੈ। ਬੜੀ ਗੰਭੀਰਤਾ ਅਤੇ ਕਾਹਲੀ ਨਾਲ ਸਾਨੂੰ ਝੱਟ ਯਿਸੂ ਵੱਲ ਮੁੜ ਆਉਣਾ ਚਾਹੀਦਾ ਹੈ।

5. ਜੈਰੁਸ ਯਿਸੂ *ਕੋਲ ਬੜੀ ਉਮੀਦ ਨਾਲ* ਵੀ ਗਿਆ। ਉਹਦਾ ਵਿਸ਼ਵਾਸ ਸੀ ਕਿ ਯਿਸੂ ਉਸ ਦੀ ਧੀ ਨੂੰ ਚੰਗਾ ਕਰ ਸਕਦਾ ਹੈ। ਉਸ ਨੇ ਯਿਸੂ ਨੂੰ ਮੋਅਜਜ਼ੇ ਕਰਦੇ ਵੇਖਿਆ ਹੋਵੇਗਾ ਅਤੇ ਉਹਨੂੰ

ਵਿਸ਼ਵਾਸ ਹੋਵੇਗਾ ਕਿ ਇਸ ਕੁੜੀ ਨੂੰ ਚੰਗਾ ਕਰਨ ਲਈ ਜੋ ਵੀ ਕਰਨਾ ਜ਼ਰੂਰੀ ਹੋਵੇ ਉਹ ਕਰ ਸਕਦਾ ਹੈ। ਇਸ ਦੁਖਦ ਅਤੇ ਮਾਯੂਸੀ ਭਰੇ ਦ੍ਰਿਸ਼ ਵਿੱਚ ਸੱਚੇ ਦਿਲੋਂ ਵਿਸ਼ਵਾਸ ਦੀ ਵਡਿਆਈ ਅਤੇ ਖ਼ੂਬਸੂਰਤੀ ਨੂੰ ਵਿਖਾਇਆ ਗਿਆ ਹੈ।

ਯਾਕੂਬ ਨੇ ਸਮਝਾਇਆ ਹੈ, ''ਪਰ ਨਿਹਚਾ ਨਾਲ ਮੰਗੇ ਅਤੇ ਕੁਝ ਭਰਮ ਨਾ ਕਰੇ ਕਿਉਂ ਜੋ ਭਰਮ ਕਰਨ ਵਾਲਾ ਸਮੁੰਦਰ ਦੀ ਛੱਲ ਵਰਗਾ ਹੈ ਜਿਹੜੀ ਪੌਣ ਨਾਲ ਟਕਰਾਈ ਅਤੇ ਉਡਾਈ ਜਾਂਦੀ ਹੈ'' (ਯਾਕੂਬ 1:6)। ਭਲਾ ਸਾਡਾ ਵਿਸ਼ਵਾਸ ਯਿਸੂ ਵਿਚ ਹੈ? ਭਲਾ ਸਾਡਾ ਵਿਸ਼ਵਾਸ ਪੱਕਾ ਹੈ? ਭਲਾ ਸਾਡੇ ਮਨ ਇਹ ਆਖਦੇ ਹਨ, ''ਯਿਸੂ ਦੇ ਨਾਲ ਅਸੀਂ ਹਾਰ ਨਹੀਂ ਸਕਦੇ; ਉਸ ਦੇ ਬਗੈਰ ਅਸੀਂ ਜਿੱਤ ਨਹੀਂ ਸਕਦੇ''? ਜਦੋਂ ਵੀ ਕੋਈ ਯਿਸੂ ਕੋਲ ਬੇਨਤੀ ਲੈ ਕੇ ਆਉਂਦਾ ਹੈ, ਤਾਂ ਉਹ ਇਹ ਵੇਖਣ ਲਈ ਕਿ ਇਹ ਬੇਨਤੀ ਉਹਦੇ ਮਨ ਦੇ ਵਿਸ਼ਵਾਸ ਵਿੱਚੋਂ ਨਿੱਕਲੀ ਹੈ ਜਾਂ ਨਹੀਂ, ਉਸ ਤੋਂ ਅੱਗੇ ਵੇਖਦਾ ਹੈ।

*ਨਿਚੋੜ:* ਕੁਝ ਲੋਕ ਨਾਸ ਹੋ ਜਾਣਗੇ ਕਿਉਂ ਜੋ ਉਨ੍ਹਾਂ ਨੇ ਉਨ੍ਹਾਂ ਨੂੰ ਬਚਾਉਣ ਲਈ ਯਿਸੂ ਨੂੰ ਕਦੇ ਪੁਕਾਰਿਆ ਹੀ ਨਹੀਂ। ਬਹੁਤੀ ਸੰਭਾਵਨਾ ਇਹ ਕਿ ਕੁਝ ਲੋਕ ਇਸ ਕਰਕੇ ਗੁਆਚ ਜਾਣਗੇ ਕਿਉਂ ਜੋ ਉਨ੍ਹਾਂ ਨੇ ਬੇਦਿਲੀ ਨਾਲ ਉਨ੍ਹਾਂ ਨੂੰ ਬਚਾਉਣ ਲਈ ਉਸ ਨੂੰ ਪੁਕਾਰਿਆ ਹੈ। ਜਿਹੜੇ ਲੋਕ ਬਚਾਏ ਜਾਣਗੇ ਉਹ ਉਹੀ ਹਨ ਜਿਨ੍ਹਾਂ ਨੇ ਸੱਚੇ ਦਿਲੋਂ ਸੰਜੀਦਗੀ ਨਾਲ ਅਤੇ ਹੁਕਮ ਮੰਨਦੇ ਹੋਏ ਮੁਕਤੀ ਦੀ ਉਸ ਦੀ ਪੇਸ਼ਕਸ ਨੂੰ ਸਵੀਕਾਰ ਕਰ ਲਿਆ ਹੈ। ਸਰੀਰਕ ਮੌਤ ਤੋਂ ਮੁਕਤੀ ਜ਼ਰੂਰੀ ਹੈ, ਸਦੀਵੀ ਮੌਤ ਤੋਂ ਮੁਕਤੀ ਹੋਰ ਵੀ ਜ਼ਰੂਰੀ ਹੈ।

ਮੁਕਤੀ ਦੀ ਪੌਲੁਸ ਦੀ ਕਹਾਣੀ ਵਿੱਚ ਜੈਰੁਸ ਦੀਆਂ ਸਭ ਗੱਲਾਂ ਹਨ। ਇਹ ਪਤਾ ਲੱਗਣ ਤੇ ਕਿ ਯਿਸੂ ਬਾਰੇ ਉਸ ਦੇ ਵਿਚਾਰ ਗਲਤ ਸਨ, ਉਸ ਨੇ ਕੰਬਦੇ ਮਨ ਨਾਲ ਆਖਿਆ, ''ਹੇ ਪ੍ਰਭੂ, ਮੈਂ ਕੀ ਕਰਾਂ?'' ਉਸ ਨੂੰ ਦਮਿਸ਼ਕ ਵਿਚ ਜਾਣ ਲਈ ਕਿਹਾ ਗਿਆ, ਜਿੱਥੇ ਉਸ ਨੂੰ ਦੱਸਿਆ ਜਾਣਾ ਸੀ ਕਿ ਉਸ ਨੇ ਕੀ ਕਰਨਾ ਹੈ, ਤਿੰਨ ਦਿਨਾਂ ਤਕ ਦੁਆ ਕਰਨ ਅਤੇ ਰੋਜ਼ਾ ਰੱਖਣ ਤੋਂ ਬਾਅਦ (ਕਰਤੱਬ 22:10) ਹਨਾਨਿਯਾਹ ਨੇ ਦੱਸਿਆ ਕਿ ਉਹਦੇ ਲਈ ਕੀ ਕਰਨਾ ਜ਼ਰੂਰੀ ਹੈ, ''ਹੁਣ ਤੂੰ ਕਿਉਂ ਢਿੱਲ ਕਰਦਾ ਹੈਂ? ਉੱਠ ਅਤੇ ਉਹਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ'' (ਕਰਤੱਬ 22:16)। ਬਪਤਿਸਮੇ ਦੇ ਇਸ ਕੰਮ ਵਿਚ ਉਹ ਪ੍ਰਭੂ ਦਾ ਨਾਮ ਪੁਕਾਰ ਰਿਹਾ ਸੀ; ਅਤੇ ਉਹ ਪੁਕਾਰ ਉਸ ਨੇ ਭਗਤੀ ਭਰੇ ਢੰਗ ਨਾਲ, ਸੱਚੇ ਦਿਲੋਂ, ਸੋਚ ਸਮਝ ਕੇ, ਓਸੇ ਵੇਲੇ ਅਤੇ ਉਮੀਦ ਰੱਖ ਕੇ ਕੀਤੀ।

ਅਸੀਂ ਪੱਕਾ ਇਹ ਮੰਨ ਸਕਦੇ ਹਾਂ ਕਿ ਪ੍ਰਭੂ ਕਿਸੇ ਖੋਜੀ, ਗੰਭੀਰ ਅਤੇ ਪੱਕੇ ਇਰਾਦੇ ਵਾਲੇ ਵਿਅਕਤੀ ਨੂੰ ਜਾਣ ਨਹੀਂ ਦਏਗਾ। ਜੇ ਤੁਸੀਂ ਸਚਮੁਚ ਵਿਚ ਤੇਜ ਦੇ ਫ਼ਾਟਕ ਤਕ ਉਹਦੇ ਨਾਲ ਚੱਲਣਾ ਚਾਹੁੰਦੇ ਹੋ, ਤਾਂ ਯਿਸੂ ਖ਼ੁਦਾ ਦੇ ਸ਼ਾਨਦਾਰ ਇੰਤਜ਼ਾਮ ਦੇ ਰਾਹੀਂ, ਇਸ ਗੱਲ ਦਾ ਧਿਆਨ ਰੱਖੇਗਾ ਕਿ ਤੁਹਾਨੂੰ ਉਵੇਂ ਹੀ ਕਰਨ ਦਾ ਮੌਕਾ ਮਿਲੇ।

### **ਖ਼ੁਦਾ ਦੀ ਸੇਵਾ ਕਰਨਾ** (5:21-34)

ਕਫ਼ਰਨਾਹੂਮ ਦੇ ਸਿਨਾਗੋਗ ਦਾ ਹਾਕਮ, ਮਾਯੂਸ ਜੈਰੁਸ ਯਿਸੂ ਕੋਲ ਆਪਣੀ ਬੱਚੀ ਦੀ ਚੰਗਿਆਈ ਲਈ ਆਇਆ ਸੀ। ਉਹਦੀ ਬੇਟੀ ਮਰਨ ਕੰਢੇ ਸੀ ਅਤੇ ਉਸ ਨੂੰ ਇਹ ਪਤਾ ਸੀ। ਉਹ ਯਿਸੂ ਦੇ ਕੋਲ ਆਇਆ ਅਤੇ ਉਸ ਕੋਲ ਆਣ ਕੇ ਉਹਦੀ ਬੇਟੀ ਨੂੰ ਮੌਤ ਦੇ ਵੱਸ ਵਿੱਚੋਂ ਛੁਡਾਉਣ ਦੀ ਸੱਚੇ ਦਿਲੋਂ ਬੇਨਤੀ ਕਰਦਾ ਹੋਇਆ ਉਹਦੇ ਚਰਨੀਂ ਡਿੱਗ ਪਿਆ। ਉਹਦੀ ਜਜ਼ਬਾਤ ਭਰੀ ਬੇਨਤੀ ਸੁਣ ਕੇ, ਯਿਸੂ ਪਿਆਰ ਅਤੇ ਫ਼ਜ਼ਲ ਜਿਸਨੂੰ ਉਹ ਹਮੇਸ਼ਾ ਵਿਖਾਉਂਦਾ ਸੀ, ਨਾਲ ਮੁੜਿਆ ਅਤੇ ਉਹਦੇ ਘਰ ਵੱਲ ਨੂੰ ''ਉਹਦੇ ਨਾਲ ਗਿਆ'' (5:24)।

ਜੈਰੁਸ ਨੂੰ ਪਤਾ ਸੀ ਕਿ ਜੇ ਯਿਸੂ ਓਸੇ ਵੇਲੇ ਉਹਦੇ ਕੋਲ ਨਹੀਂ ਜਾਂਦਾ ਤਾਂ ਉਹਦੀ ਧੀ ਕਿਸੇ ਵੀ

ਪਲ ਮਰ ਜਾਵੇਗੀ। ਜਦੋਂ ਯਿਸੂ ਉਹਦੇ ਨਾਲ ਜਾਣ ਲਈ ਤਿਆਰ ਹੋ ਗਿਆ ਤਾਂ ਉਹਦੇ ਮਨ ਵਿਚ ਉਮੀਦ ਜਾਗ ਗਈ। ਉਹ ਜਿੰਨੀ ਛੇਤੀ ਹੋ ਸਕੇ ਯਿਸੂ ਨੂੰ ਆਪਣੀ ਬੇਟੀ ਕੋਲ ਲਿਜਾਣਾ ਚਾਹ ਰਿਹਾ ਸੀ। ਉਹਦਾ ਮੰਨਣਾ ਸੀ ਕਿ ਉਹਦੀ ਜਾਨ ਅਟਕੀ ਹੋਈ ਹੈ।

ਉਨ੍ਹਾਂ ਦੇ ਜੈਰੁਸ ਦੇ ਘਰ ਵੱਲ ਨੂੰ ਜਾਂਦੇ ਜਾਂਦੇ ਰਾਹ ਵਿਚ ਭੀੜ ਵਿੱਚੋਂ ਇਕ ਅਸ਼ੁੱਧ ਔਰਤ ਨੇ ਨਿੱਕਲ ਕੇ ਯਿਸੂ ਦਾ ਪੱਲਾ ਛੂਹ ਲਿਆ। ਉਸ ਔਰਤ ਵੱਲੋਂ ਯਿਸੂ ਦਾ ਪੱਲਾ ਛੂਹਣ ਤੇ ਉਹਨੂੰ ਰੁਕ ਕੇ ਚੰਗਿਆਈ ਪਾਉਣ ਦੀ ਉਸ ਦੀ ਇੱਛਾ ਪੂਰੀ ਕਰਨੀ ਪਈ। ਇਸ ਔਰਤ ਨੇ ਜਾਨ ਬਚਾਉਣ ਦੀਆਂ ਜੈਰੁਸ ਦੀਆਂ ਯੋਜਨਾਵਾਂ ਵਿਚ ਦਖ਼ਲ ਦਿੱਤਾ, ਭਾਵੇਂ ਬਾਈਬਲ ਇਹ ਨਹੀਂ ਦੱਸਦੀ ਕਿ ਉਹਨੇ ਕੁਝ ਕਿਹਾ ਹੈ ਜਾਂ ਨਹੀਂ। ਸਾਫ਼ ਤੌਰ ਤੇ ਕਿਸੇ ਵੀ ਹੋਰ ਵਿਅਕਤੀ ਵਾਂਗ ਜੇ ਉਹ ਉਹਦੀ ਥਾਂ ਹੁੰਦਾ ਹੋਵੇ ਉਹਨੇ ਇਸ ਘਟਨਾ ਨੂੰ ਯਿਸੂ ਦੇ ਹੱਥਾਂ ਵਿੱਚ ਦੇ ਦਿੱਤਾ।

ਜਿਸ ਨੂੰ ਅਸੀਂ ਰੁਕਾਵਟ ਸਮਝਦੇ ਹਾਂ, ਹੋ ਸਕਦਾ ਹੈ ਕਿ ਉਹ ਅਜਿਹੀਆਂ ਥਾਂਵਾਂ ਵਿਚ ਜਿਨ੍ਹਾਂ ਦਾ ਸਾਨੂੰ ਖ਼ਿਆਲ ਵੀ ਨਹੀਂ, ਖ਼ੁਦਾ ਦੀ ਕਦੇ ਖ਼ਤਮ ਨਾ ਹੋਣ ਵਾਲੀ ਕਿਰਪਾ ਦੇ ਪਹੁੰਚਣ ਲਈ ਰੱਬ ਵੱਲੋਂ ਦਿੱਤੇ ਮੌਕੇ ਹੋਣਾ ਅਸੀਂ ਸਿਰਫ਼ ਅੰਦਾਜ਼ਾ ਲਾ ਸਕਦੇ ਹਾਂ ਕਿ ਜੈਰੁਸ ਨੇ ਚੰਗਿਆਈ ਦੀ ਯੋਜਨਾ ਵਿਚ ਇਸ ਦਖਲ ਦਾ ਉਹੀ ਕੀਤਾ ਜੋ ਉਹਦੇ ਮਨ ਵਿਚ ਆਪਣੀ ਧੀ ਦੇ ਸਬੰਧ ਸੀ? ਇਸ ਬਾਰੇ ਬਾਈਬਲ ਜੋ ਕੁਝ ਦੱਸਦੀ ਹੈ ਉਹਦੇ ਮੁਤਾਬਿਕ ਜੈਰੁਸ ਨੇ ਉਸ ਰੁਕਾਵਟ ਨੂੰ ਯਿਸੂ ਦੇ ਹੱਥ ਵਿਚ ਦੇ ਦਿੱਤਾ। ਪਰ ਅਜਿਹੇ ਹਾਲਾਤ ਵਿਚ ਜਿਸਦਾ ਸਾਹਣਾ ਜੈਰੁਸ ਨੂੰ ਕਰਨਾ ਪਿਆ, ਜੇ ਅਸੀਂ ਹੁੰਦੇ ਤਾਂ ਕੀ ਕਰਦੇ?

ਇਹ ਘਟਨਾ ਸਾਨੂੰ ਖ਼ੁਦਾ ਦੀ ਸੇਵਾ ਕਰਨ ਦੇ ਵਿਸ਼ੇ ਤੇ ਲੈ ਆਉਂਦੀ ਹੈ। ਅਸੀਂ ਖ਼ੁਦਾ ਦੀ ਸੇਵਾ ਨੂੰ ਕਿਵੇਂ ਵੇਖਾਂਗੇ?

1. ਖ਼ੁਦਾ ਦੀ ਸੇਵਾ ਕਰਨ ਦਾ ਸਬੰਧ *ਖ਼ੁਦਾ ਵਿਚ ਵਿਸ਼ਵਾਸ* ਨਾਲ ਹੈ। ਭਲਾ ਖ਼ੁਦਾ ਹਰ ਹਾਲ ਵਿਚ ਸਾਡੇ ਨਾਲ ਵਫ਼ਾਦਾਰ ਰਹੇਗਾ? ਅਸਲ ਵਿਚ, ਉਹ ਵਫ਼ਾਦਾਰ ਹੀ ਹੈ। ਭਲਾ ਕਿਸੇ ਰੁਕਾਵਟ ਦੇ ਆ ਜਾਣ ਤੇ ਉਹ ਸਾਡੇ ਨਾਲ ਆਪਣਾ ਵਾਅਦਾ ਨਿਭਾਉਣ ਬਾਰੇ ਆਪਣੇ ਮਨ ਨੂੰ ਬਦਲ ਲਵੇਗਾ? ਉਹਦੇ ਲਈ ਅਜਿਹਾ ਕਰਨਾ ਨਾਮੁਮਕਿਨ ਹੈ। ਜੇ ਬੀਤੇ ਵਿਚ ਅਸੀਂ ਆਮ ਹਾਲਾਤ ਵਿਚ ਯਹੋਵਾਹ ਉੱਤੇ ਭਰੋਸਾ ਕੀਤਾ ਸੀ, ਤਾਂ ਭਲਾ ਅਸੀਂ ਖ਼ਾਸ ਹਾਲਾਤਾਂ ਵਿੱਚ ਉਸ ਉੱਤੇ ਭਰੋਸਾ ਕਿਉਂ ਨਹੀਂ ਕਰ ਸਕਦੇ? ਬੇਸ਼ੱਕ ਕਰ ਸਕਦਾ ਹੈ। ਭਲਾ ਕੋਈ ਵੀ ਰੁਕਾਵਟ, ਛੋਟੀ ਹੋਵੇ ਜਾਂ ਵੱਡੀ, ਖ਼ੁਦਾ ਦੇ ਸੁਭਾਅ ਨੂੰ ਬਦਲ ਸਕਦੀ ਹੈ? ਨਹੀਂ, ਸਨਾਤਨ ਪਰਮੇਸ਼ੁਰ ਬਦਲਦਾ ਨਹੀਂ ਹੈ।

ਜੈਰੁਸ ਜਦੋਂ ਆਪਣੇ ਘਰੋਂ ਨਿੱਕਲਿਆ ਸੀ ਤਾਂ ਉਸ ਵੇਲੇ ਉਹਦੀ ਬੇਟੀ ਮਰਨ ਵਾਲੀ ਸੀ। ਜਦੋਂ ਇਸ ਔਰਤ ਨੇ ਯਿਸੂ ਨੂੰ ਰੋਕਿਆ, ਤਾਂ ਯਿਸੂ ਅੱਗੇ ਉਹਦੀ ਬੇਨਤੀ ਨੇ ਇਸ ਹਾਕਮ ਦੀ ਆਪਣੀ ਧੀ ਨੂੰ ਬਚਾਉਣ ਦੀਆਂ ਯੋਜਨਾਵਾਂ ਤੇ ਥੋੜ੍ਹੀ ਜਿਹੀ ਰੋਕ ਲਾ ਦਿੱਤੀ। ਉਹ ਆਪਣੇ ਮਨ ਵਿਚ ਆਖਦਾ ਹੋਵੇਗਾ, ‘‘ਯਿਸੂ ਲਈ ਰੁਕ ਕੇ ਕਿਸੇ ਦੂਜੇ ਦੀ ਮੁਸ਼ਕਿਲ ਦਾ ਹੱਲ ਕਰਨ ਦਾ ਸਮਾਂ ਨਹੀਂ ਹੈ। ਸਾਨੂੰ ਛੇਤੀ ਛੇਤੀ ਜਾਣਾ ਪਵੇਗਾ ਨਹੀਂ ਤਾਂ ਉਹ ਮਰ ਜਾਵੇਗੀ। ਆਖ਼ਰ ਯਿਸੂ ਕੋਲ ਪਹਿਲਾਂ ਮੈਂ ਹੀ ਗਿਆ ਸੀ।’’

ਜਦੋਂ ਇਹ ਖ਼ਬਰ ਮਿਲ ਗਈ ਕਿ ਕੁੜੀ ਮਰ ਚੁੱਕੀ ਹੈ, ਤਾਂ ਕੀ ਹਾਕਮ ਮਾਯੂਸ ਹੋ ਗਿਆ ਹੋਵੇਗਾ। ਉਹਨੂੰ ਲੱਗਾ ਹੋਵੇਗਾ ਕਿ ਯਿਸੂ ਉਹਦੇ ਮਰਨ ਤੋਂ ਪਹਿਲਾਂ ਪਹਿਲਾਂ ਪਹੁੰਚ ਜਾਵੇ, ਤਾਂ ਯਿਸੂ ਉਹਦੀ ਧੀ ਨੂੰ ਬਿਮਾਰੀ ਤੋਂ ਬਚਾ ਲਵੇਗਾ। ਬੀਤੇ ਵਿਚ ਉਹਨੇ ਯਿਸੂ ਨੂੰ ਲੋਕਾਂ ਨੂੰ ਬਿਮਾਰੀ ਤੋਂ ਠੀਕ ਕਰਦਿਆਂ ਵੇਖਿਆ ਹੋਵੇਗਾ, ਪਰ ਉਹਨੂੰ ਯਿਸੂ ਦੇ ਕਿਸੇ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰਨ ਦੀ ਗੱਲ ਦਾ ਪਤਾ ਨਹੀਂ ਹੋਵੇਗਾ। ਹਾਕਮ ਦੀ ਚਿੰਤਾ ਨੂੰ ਧਿਆਨ ਵਿਚ ਰੱਖਦੇ ਹੋਏ, ਯਿਸੂ ਨੇ ਉਹਨੂੰ ਆਖਿਆ, ‘‘ਨਾ ਡਰ, ਕੇਵਲ ਨਿਹਚਾ ਰੱਖ’’ (5:36)।

ਹੋ ਸਕਦਾ ਹੈ ਕਿ ਭੀੜ ਵਿੱਚੋਂ ਬਹੁਤ ਸਾਰੇ ਲੋਕਾਂ ਨੇ ਇਹ ਸੁਝਾਅ ਵੀ ਦਿੱਤਾ ਹੋਵੇ ਕਿ ਯਿਸੂ ਨੂੰ ਚਾਹੀਦਾ ਹੈ ਕਿ ਹੋਰ ਅੱਗੇ ਨਾ ਜਾਵੇ। ਉਹਨੂੰ ਵਾਪਸ ਚਲੇ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਲੱਗਾ ਕਿ

''ਬੱਚੀ ਦੀ ਮੌਤ ਨਾਲ, ਸਭ ਕੁਝ ਖ਼ਤਮ ਹੋ ਗਿਆ ਹੈ। ਹੁਣ ਕੁਝ ਨਹੀਂ ਹੋ ਸਕਦਾ।'' ਜਦੋਂ ਸਭ ਤੋਂ ਵੱਡੀ ਪਰੇਸ਼ਾਨੀ ਆਈ ਤਾਂ ਉਨ੍ਹਾਂ ਨੇ ਜੈਰੁਸ ਨੂੰ ਸੁਝਾਅ ਦਿੱਤਾ ਕਿ ਉਹ ਯਿਸੂ ਨੂੰ ਪਰੇਸ਼ਾਨ ਨਾ ਕਰੇ (5:35)। ਉਹ ਸੁਝਾਅ ਦੇ ਰਹੇ ਸਨ ਕਿ ਜੈਰੁਸ ਮਸੀਹ ਨੂੰ ਛੱਡ ਦੇਵੇ ਜਦਕਿ ਉਸ ਨੂੰ ਉਸ ਦੀ ਸਭ ਤੋਂ ਵੱਧ ਲੋੜ ਸੀ! ਯਿਸੂ ਨੇ ਉਨ੍ਹਾਂ ਨੂੰ ਫ਼ਜ਼ੂਲ ਦੀ ਨਸੀਹਤ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਸੱਚ ਤਾਂ ਇਹ ਹੈ ਕਿ ਜੇ ਯਿਸੂ ਬਿਮਾਰਾਂ ਨੂੰ ਚੰਗਾ ਕਰ ਸਕਦਾ ਸੀ, ਤਾਂ ਉਹ ਮੁਰਦਿਆਂ ਨੂੰ ਵੀ ਜ਼ਿੰਦਾ ਕਰ ਸਕਦਾ ਸੀ। ਇਹ ਉਦੋਂ ਵੀ ਸਹੀ ਸੀ ਅਤੇ ਅੱਜ ਦੇ ਕਥਿਤ ਚਮਤਕਾਰ ਕਰਨ ਵਾਲਿਆਂ ਲਈ ਅੱਜ ਵੀ ਸਹੀ ਹੈ। ਸ਼ਾਇਦ ਜੈਰੁਸ ਦੇ ਸਲਾਹਕਾਰਾਂ ਨੇ ਇਸ ਤੱਥ ਉੱਤੇ ਧਿਆਨ ਨਹੀਂ ਦਿੱਤਾ ਸੀ!

2. ਖ਼ੁਦਾ ਦੀ ਸੇਵਾ ਕਰਨ ਦਾ ਸਬੰਧ *ਖ਼ੁਦਾ ਦੇ ਸਮੇਂ* ਦੇ ਨਾਲ ਹੈ। ਸਮਾਂ ਸਾਡੇ ਲਈ ਬਹੁਤ ਮਹੱਤਵ ਰੱਖਦਾ ਹੈ, ਖਾਸ ਕਰਕੇ ਜਦੋਂ ਕਿਸੇ ਪਿਆਰੇ ਦੀ ਜਾਨ ਤੇ ਬਣੀ ਹੋਵੇ। ਪਰ ਯਾਦ ਰੱਖੋ ਕਿ ਖ਼ੁਦਾ ਸਮੇਂ ਬਾਰੇ ਬਹੁਤਾ ਨਹੀਂ ਸੋਚਦਾ। ਉਸ ਨੂੰ ਇਸ ਦੀ ਲੋੜ ਨਹੀਂ ਹੈ, ਕਿਉਂ ਜੋ ਸਾਰਾ ਸਮਾਂ ਉਸ ਦੇ ਵੱਸ ਵਿਚ ਹੈ। ਉਹ ਸੰਸਾਰ ਦੇ ਸਾਰੇ ਸਮੇਂ ਅਤੇ ਅਨਾਦੀਕਾਲ ਦਾ ਅਧਿਕਾਰੀ ਹੈ। ਉਸ ਦੇ ਸਾਹਣੇ ਇਕ ਦਿਨ ਹਜ਼ਾਰ ਸਾਲ ਵਰਗਾ ਅਤੇ ਹਜ਼ਾਰ ਸਾਲ ਉਹਦੇ ਇਕ ਦਿਨ ਵਰਗਾ ਹੈ (2 ਪਤਰਸ 3:8) । ਉਹ ਸਮੇਂ ਨੂੰ ਆਪਣੀ ਇੱਛਾ ਨਾਲ ਮਿਲਣ ਲਈ ਮਜਬੂਰ ਕਰ ਸਕਦਾ ਹੈ; ਭਾਵ ਉਹ ਸਮੇਂ ਨੂੰ ਉਸ ਨੂੰ ਚਲਾਉਣ ਦੀ ਇਜਾਜ਼ਤ ਨਹੀਂ ਦਿੰਦਾ।

ਸਾਨੂੰ ਉਹਦੇ ਨਾਲ, ਉਹਦੇ ਲਈ ਅਤੇ ਉਹਦੇ ਵੱਲੋਂ ਰੁਕਾਉਣਾ ਸਿੱਖਣਾ ਜ਼ਰੂਰੀ ਹੈ। ਅਸੀਂ ਉਸ ਉੱਤੇ ਭਰੋਸਾ ਰੱਖਦੇ ਹੋਏ ਕਿ ਜੋ ਸਾਨੂੰ ਸਭ ਤੋਂ ਵਧੀਆ ਲੱਗੇਗਾ, ਉਹੀ ਦਏਗਾ। ਸਮੇਂ ਨੂੰ ਉਦੇ ਹੱਥਾਂ ਵਿਚ ਦਿੰਦੇ ਹਾਂ। ਉਹਦੀ ਸਮੇਂ ਸਾਰਣੀ ਹੋ ਸਕਦਾ ਕਿ ਸਾਡੀ ਨਾ ਹੋਵੇ, ਪਰ ਉਹਦੀ ਸਮੇਂਸਾਰਣੀ ਸਾਡੀ ਹੋਣੀ ਚਾਹੀਦੀ ਹੈ। ਇਸ ਵਿਰਤਾਂਤ ਦਾ ਸਥਾਪਕ ਉਹਦਮੀ ਸਮੇਂ ਸਾਰਣੀ ਸਾਡੇ ਸਮੇਂ ਸਾਰਣੀ ਹੋਣਾ ਸਭ ਤੋਂ ਵਧੀਆ ਹੈ। ਯਿਸੂ ਦੀ ਸਮੇਂਸਾਰਣੀ ਨੂੰ ਮਨ ਕੇ ਜੈਰੁਸ ਕੋਲ ਪਾਉਣ ਲਈ ਸਭ ਕੁਝ ਸੀ ਅਤੇ ਗੁਆਉਣ ਲਈ ਕੁਝ ਨਹੀਂ ਸੀ, ਕਿਉਂ ਜੋਦ। ਅਸੀਂ ਵੀ ਇਹ ਵੇਖਾਂਗੇ ਕਿ ਸਾਡੇ ਵੀ ਹਾਲਤ ਇਹੀ ਹੈ।

3. ਖ਼ੁਦਾ ਦੀ ਸੇਵਾ ਕਰਨ ਦਾ ਸਬੰਧ ਖ਼ੁਦਾ ਦੀ *ਵੱਡੀ ਭਲਿਆਈ* ਨਾਲ ਹੈ। ਧਰਤੀ ਉੱਤੇ ਆਪਣੀ ਸੇਵਕਾਈ ਦੌਰਾਨ, ਬਹੁਤ ਸਾਰੇ ਲੋਕਾਂ ਲਈ ਮਸੀਹ ਦੀ ਦੇਰੀ ਨੂੰ ਸਮਝਣਾ ਮੁਸ਼ਕਿਲ ਰਿਹਾ ਹੋਵੇਗਾ। ਮਾਰਥਾ ਅਤੇ ਮਰੀਅਮ ਨੂੰ ਲੱਗਾ ਹੋਵੇਗਾ ਕਿ ਯਿਸੂ ਨੂੰ ਝੱਟ ਪੱਟ ਲਾਜ਼ਰ ਦੇ ਸਿਰਹਾਣੇ ਆ ਜਾਣਾ ਚਾਹੀਦਾ ਸੀ ਅਤੇ ਉਸ ਨੂੰ ਬਿਮਾਰੀ ਤੋਂ ਛੁਡਾ ਦੇਣਾ ਚਾਹੀਦਾ ਸੀ। ਅਖ਼ੀਰ ਵਿਚ ਜਦੋਂ ਉਹ ਪਹੁੰਚ ਗਿਆ ਤਾਂ ਮਾਰਥਾ ਉਸ ਨੂੰ ਮਿਲਣ ਲਈ ਆਈ ਅਤੇ ਆਖਣ ਲੱਗੀ, ''ਪ੍ਰਭੂ ਜੀ ਜੇ ਤੂੰ ਇੱਥੇ ਹੁੰਦਾ ਤਾਂ ਮੇਰਾ ਭਰਾ ਨਾ ਮਰਦਾ'' (ਯੂਹੰਨਾ 11:21)। ਸ਼ਾਇਦ ਉਹ ਸਹੀ ਕਹਿ ਰਹੀ ਸੀ। ਜੇ ਯਿਸੂ ਉੱਥੇ ਹੁੰਦਾ ਤਾਂ ਉਹ ਉਸ ਦੇ ਭਰਾ ਨੂੰ ਚੰਗਾ ਕਰ ਸਕਦਾ ਸੀ; ਪਰ ਮਾਰਥਾ ਦੀ ਸਮਝ ਦੇ ਉਲਟ, ਲਾਜ਼ਰ ਲਈ ਯਿਸੂ ਦੀ ਉਸ ਨਾਲੋਂ ਕੋਈ ਵੱਡੀ ਯੋਜਨਾ ਸੀ। ਇਸ ਵਰਤਮਾਨ ਮਾਮਲੇ ਵਿਚ, ਜੈਰੁਸ ਨੇ ਆਪਣੇ ਮਨ ਵਿਚ ਆਖਿਆ ਹੋਵੇਗਾ, ''ਹੇ ਪ੍ਰਭੂ, ਛੇਤੀ ਕਰੋ। ਤੁਹਾਨੂੰ ਪਤਾ; ਨਹੀਂ ਲਗ ਰਿਹਾ ਕਿ ਮੇਰੀ ਬੇਟੀ ਮਰਨ ਵਾਲੀ ਹੈ!'' ਜੇ ਉਸ ਨੇ ਕੋਈ ਅਜਿਹਾ ਸੋਚਿਆ ਹੋਵੇਗਾ ਤਾਂ ਬਾਅਦ ਵਿਚ ਉਹਨੂੰ ਪਤਾ ਲਗ ਗਿਆ ਸੀ ਕਿ ਸਭ ਕੁਝ ਯਿਸੂ ਦੇ ਹੱਥ ਵਿਚ ਸੀ। ਅਸਲ ਵਿਚ ਉਹਨੇ ਇਸ ਦੇਰੀ ਦੀ ਵਰਤੋਂ ਸੰਸਾਰ ਨੂੰ ਉਸ ਨਾਲੋਂ ਜੋ ਜੈਰੁਸ ਮਨ ਵਿਚ ਸੀ ਵੱਡੀ ਭਲਿਆਈ ਦੀ ਬਰਕਤ ਦੇ ਕੇ ਕੀਤੀ।

ਹਾਂ, ਮੋਅਜਜ਼ਾ ਕੀਤੇ ਜਾਣ ਤੋਂ ਪਹਿਲਾਂ ਉਹਦੇ ਮਨ ਵਿਚ ਕੋਈ ਸਵਾਲ ਰਹੇ ਹੋਣਗੇ, ਪਰ ਮੋਅਜਜ਼ਾ ਹੋ ਜਾਣ ਤੋਂ ਬਾਅਦ ਉਹ ਉਸ ਭਲਿਆਈ ਜਿਹਭਾ ਵੇਖ ਸਕਦਾ ਸੀ ਜਿਹੜੀ ਯਿਸੂ ਸੰਸਾਰ ਵਿਚ ਲਿਆਇਆ ਸੀ। ਬਾਅਦ ਵਿਚ ਮਾਰਥਾ ਅਤੇ ਮਰੀਅਮ ਨੇ ਆਖਿਆ ਹੋਵੇਗਾ, ''ਹੁਣ ਮੈਂ ਆਖ ਸਕਦੀ ਹਾਂ ਕਿ ਯਿਸੂ ਦੀ ਨਜ਼ਰ ਇਕ ਵੱਡੀ ਭਲਿਆਈ ਉੱਤੇ ਸੀ। ਉਹ ਸਾਨੂੰ ਕਿਸੇ ਦੇ ਜੀ ਉੱਠਣ ਦਾ ਵੱਡਾ ਸਬੂਤ ਦੇਣਾ ਚਾਹ ਰਿਹਾ ਸੀ ਜਿਹੜਾ ਚਾਰ ਦਿਨਾਂ ਤੋਂ ਮੁਰਦਾ ਸੀ।'' ਜੈਰੁਸ ਜਿਸਨੂੰ ਉਨ੍ਹਾਂ

ਮੋਅਜਜ਼ਿਆਂ ਨਾਲ ਵਿਸ਼ਵਾਸ ਹੋਇਆ ਸੀ ਜਿਹੜੇ ਉਹਨੇ ਵੇਖੇ ਸਨ, ਬਾਅਦ ਵਿਚ ਕਹਿ ਸਕਦਾ ਹੋਵੇਗਾ, ''ਮੇਰਾ ਵਿਸ਼ਵਾਸ ਉਸ ਮਸੀਹ ਨੂੰ ਵੇਖਦਾ ਹੈ ਜਿਹੜਾ ਜ਼ਿੰਦਗੀ ਅਤੇ ਮੌਤ ਨਾਲੋਂ ਵੱਡਾ ਹੈ। ਇਸ ਤੋਂ ਛੁੱਟ ਮੈਨੂੰ ਪਤਾ ਹੈ ਕਿ ਯਿਸੂ ਨੂੰ ਹਰ ਕਿਸੇ ਦੀ ਫ਼ਿਕਰ ਹੈ, ਭਾਵੇਂ ਉਹ ਔਰਤ ਹੋਵੇ ਜਿਸਨੇ ਮੇਰੀ ਜ਼ਿੰਦਗੀ ਅਤੇ ਪਰਿਵਾਰ ਦੀ ਸਭ ਤੋਂ ਵੱਡੀ ਮੁਸ਼ਕਿਲ ਦੀ ਘਟੀ ਵਿਚ ਉਸ ਨੂੰ ਰੋਕਿਆ ਸੀ।''

ਖ਼ੁਦਾ, ਯਿਸੂ ਅਤੇ ਪਵਿੱਤਰ ਆਤਮਾ ਹਰ ਸਮੇਂ ਰੁੱਝੇ ਰਹਿੰਦੇ ਹਨ। ਉਨ੍ਹਾਂ ਨੇ ਉਸ ਸਦੀਪਕ ਮੰਸ਼ਾ ਨੂੰ ਜਿਹੜੀ ਬੀਤੇ ਅਨਾਦੀਕਾਲ ਤੋਂ ਆਉਣ ਵਾਲੇ ਅਨਾਦੀਕਾਲ ਤਕ ਜਾਂਦੀ ਹੈ ਉਸ ਦੀ ਥਾਂ ਤੇ ਟਿਕਾਇਆ ਹੋਇਆ (ਅਤੇ ਕਾਇਮ ਰੱਖਦੇ ਹਨ)। ਉਹ ਯੁੱਗਾਂ ਤੋਂ ਅਨਾਦੀਕਾਲ ਦੀ ਉਸ ਵੱਡੀ ਯੋਜਨਾ ਲਈ ਭਲਿਆਈ ਲਈ ਕੰਮ ਕਰ ਰਹੇ ਸਨ। ਉਹ ਨਿਰਾ ਯਹੂਦੀਆਂ ਲਈ ਹੀ ਨਹੀਂ ਬਲਕਿ ਹਰ ਮਸੀਹੀ ਦੀ ਭਲਿਆਈ ਲਈ ਕੰਮ ਕਰ ਰਹੇ ਹਨ। ਖ਼ੁਦਾ ਸਾਨੂੰ ਨਿਜੀ ਸੇਵਕਾਂ ਅਤੇ ਉਨ੍ਹਾਂ ਸੇਵਕਾਂ ਦੇ ਰੂਪ ਵਿਚ ਵੇਖਦਾ ਹੈ ਜਿਹੜੇ ਪੂਰੀ ਦੁਨੀਆਂ ਵਿਚ ਫੈਲੇ ਹੋਏ ਹਨ।

4. ਖ਼ੁਦਾ ਦੀ ਸੇਵਾ ਦਾ ਸਬੰਧ *ਖ਼ੁਦਾ ਦੀ ਏਕਤਾ* ਨਾਲ ਹੈ। ਆਪਣੇ ਪੁੱਤਰ ਦੇ ਰਾਹੀਂ ਸਾਡਾ ਸੁਰਗੀ ਪਿਤਾ ਹਰ ਚੀਜ਼ ਨੂੰ ਆਪਣੇ ਕਾਬੂ ਵਿਚ ਰੱਖਦਾ ਹੈ ਅਤੇ ਉਹ ਨੂੰ ਇਕੱਠਿਆਂ ਕਰਦਾ ਹੈ। ਇਹ ਸਿਰਫ਼ ਭੌਤਿਕ ਸੰਸਾਰ ਵਿਚ ਹੀ ਨਹੀਂ ਬਲਕਿ ਸੰਸਾਰ ਵਿਚ ਉਹਦੇ ਵੱਲੋਂ ਕੀਤੇ ਜਾ ਰਹੇ ਆਤਮਿਕ ਕੰਮ ਲਈ ਵੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਰੁਕਾਵਟਾਂ ਆਉਣਗੀਆਂ; ਅਤੇ ਹਰ ਰੁਕਾਵਟ ਦਾ ਮਹੱਤਵ ਹੈ, ਭਾਵੇਂ ਅਸੀਂ ਉਨ੍ਹਾਂ ਨੂੰ ਆਪਣੇ ਵੱਲੋਂ ਵੇਖੀਏ ਜਾਂ ਪ੍ਰਭੂ ਦੀ ਵੱਲੋਂ। ਉਹ ਅਜ਼ਾਦ ਨੈਤਿਕ ਪਸੰਦ ਨਾਲ ਬਣਦੀਆਂ ਹਨ। ਪਰ ਜਦੋਂ ਉਹ ਆਉਂਦੀਆਂ ਹਨ ਤਾਂ ਸਾਨੂੰ ਉਸ ਉਦੇਸ਼ ਦੀ ਜਿਹੜਾ ਉਸ ਦੀ ਸ਼ਾਨਦਾਰ ਏਕਤਾ ਵਿਚ ਜਿਹੜੀ ਖ਼ੁਦਾ ਵਿਚ ਸਾਨੂੰ ਮਿਲੀ ਹੈ, ਛੱਡੀਏ ਨਾ। ਇਹ ਸੱਚ ਹੈ ਕਿ ਹੋ ਸਕਦਾ ਹੈ ਕਿ ਕੁਝ ਗੱਲਾਂ ਜਿਨ੍ਹਾਂ ਨੂੰ ਕਰਨ ਦਾ ਅਸੀਂ ਸੋਚਿਆ ਹੋਏ, ਨਾ ਕਰ ਸਕੀਏ। ਜਿਹੜਾ ਕੰਮ ਅਸੀਂ ਕਰ ਰਹੇ ਹਾਂ, ਹੋ ਸਕਦਾ ਹੈ ਕਿ ਉਸ ਵਿੱਚੋਂ ਕੁਝ ਕੰਮ ਸਾਨੂੰ ''ਅਧੂਰਾ'' ਵੇਖਣਾ ਪਏ। ਹੋ ਸਕਦਾ ਹੈ ਕਿ ਅਸੀਂ ਓਨਾ ਚੰਗਾ ਨਾ ਕਰ ਸਕੀਏ ਜਿੰਨਾ ਅਸੀਂ ਕਰਨਾ ਚਾਹੁੰਦੇ ਹਾਂ, ਪਰ ਇਸ ਨੂੰ ਜੋੜਨ ਵਾਲੀ ਏਕਤਾ ਨੂੰ ਖ਼ੁਦਾ ਆਪਣੇ ਹੱਥਾਂ ਵਿਚ ਅਤੇ ਆਪਣੀ ਮਰਜ਼ੀ ਨਾਲ ਰੱਖਦਾ ਹੈ।

ਜਦੋਂ ਕੋਈ ਬਹਾਦਰ ਸਿਪਾਹੀ ਸਾਨੂੰ ਛੱਡ ਕੇ ਚਲਿਆ ਜਾਂਦਾ ਹੈ, ਤਾਂ ਸਾਨੂੰ ਲਗਦਾ ਹੈ ਕਿ ਉਹਦੇ ਬਗੈਰ ਅਸੀਂ ਨਹੀਂ ਰਹਿ ਸਕਾਂਗੇ। ਜਿਸ ਸੰਸਾਰ ਵਿਚ ਅਸੀਂ ਰਹਿੰਦੇ ਹਾਂ ਉਸ ਵਿਚ ਇਹ ਹੋਣਾ ਜ਼ਰੂਰੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਰੁਕਾਵਟ ਭਰੀ ਜ਼ਿੰਦਗੀ, ਵਫ਼ਾਦਾਰ ਸੇਵਕ ਦੇ ਅਧੂਰੇ ਕੰਮ ਨੂੰ ਦੂਜਿਆਂ ਵੱਲੋਂ ਕੀਤਾ ਜਾਣਾ ਜ਼ਰੂਰੀ ਹੈ ਜਿਹੜੇ ਖ਼ੁਦਾ ਦੇ ਡਿਜ਼ਾਇਨ ਅਤੇ ਸਦੀਪਕ ਮੰਸ਼ਾ ਦੀਆਂ ਉਹਦੀਆਂ ਯੋਜਨਾਵਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੇ ਹੋਏ ਖ਼ੁਦਾ ਦੇ ਹੱਥਾਂ ਵਿਚ ਸਮਰਪਿਤ ਹੋ ਕੇ ਆਪਣੀ ਸੇਵਾ ਦੀ ਪੂਰਤੀ ਲਈ ਨਿਹਚਾ ਅਤੇ ਉਦੇਸ਼ ਦੀ ਓਸੇ ਏਕਤਾ ਨਾਲ ਕੰਮ ਕਰਨਗੇ। ਜਦੋਂ ਤੁਸੀਂ ਇਸ ਉੱਤੇ ਵਿਚਾਰ ਕਰਦੇ ਹੋ ਤਾਂ ਉਹ ਤੱਥ ਹੋਰ ਵੀ ਵੱਡਾ ਹੋ ਜਾਂਦਾ ਹੈ, ਉਸ ਨਾਲੋਂ ਜੋ ਉਨ੍ਹਾਂ ਲੋਕਾਂ ਦੇ ਕੰਮ ਦੇ ਰਾਹੀਂ ਹੋ ਸਕਦਾ ਸੀ ਜਿਹੜੇ ਖ਼ੁਦਾ ਦੀ ਸਦੀਪਕ ਯੋਜਨਾ ਨਾਲ ਨਹੀਂ ਜੁੜੇ, ਨਾਲ ਕੀਤੇ ਜਾ ਸਕਣ ਨਾਲੋਂ ਕਿਤੇ ਵੱਧ ਅਹਿਮ ਕੰਮ ਕਰਦੇ ਹਾਂ। ਖ਼ੁਦਾ ਦੀ ਸੇਵਾ ਕਰਨ ਦਾ ਇਹ ਪਹਿਲੂ ਫ਼ੈਸਲਾਕੁਨ ਢੰਗ ਨਾਲ ਹੋਇਆ ਹੈ। ਜਦੋਂ ਕੰਮ ਖ਼ਾਸ ਲੋਕਾਂ ਅਤੇ ਸਿਰਫ਼ ਉਨ੍ਹਾਂ ਦੇ ਦੁਆਲੇ ਘੁੰਮਦਾ ਹੋਵੇ ਤਾਂ ਕੇਂਦਰ ਵਿਚ ਮਨੁੱਖ ਹੁੰਦਾ ਹੈ; ਜਦੋਂ ਕੰਮ ਖ਼ੁਦਾ ਦੀ ਏਕਤਾ ਅਤੇ ਯੋਜਨਾ ਦੇ ਦੁਆਲੇ ਘੁੰਮਦਾ ਹੈ, ਤਾਂ ਕੇਂਦਰ ਵਿਚ ਖ਼ੁਦਾ ਹੁੰਦਾ ਹੈ, ਜਿਸ ਵਿਚ ਉਹ ਇਸ ਸੰਸਾਰ ਨੂੰ ਬਚਾਉਣ ਦੇ ਆਪਣੇ ਕੰਮ ਨੂੰ ਕਰਦਾ ਹੈ।

5. ਖ਼ੁਦਾ ਦੀ ਸੇਵਾ ਕਰਨਾ ਸਾਨੂੰ *ਖ਼ੁਦਾ ਦੇ ਅਨੁਸ਼ਾਸਨ* ਤਕ ਲੈ ਆਉਂਦਾ ਹੈ। ਉਸ ਦੇ ਦੇਰ ਕਰਨ ਦਾ ਮਤਲਬ ਉਹਦਾ ਇਨਕਾਰ ਕਰਨਾ ਨਹੀਂ ਹੁੰਦਾ ਹੈ; ਪਰ ਸਹੀ ਢੰਗ ਨਾਲ ਕੰਮ ਕਰਨ ਤੇ ਉਨ੍ਹਾਂ ਨਾਲ ਸਾਨੂੰ ਅਜਿਹਾ ਅਨੁਸ਼ਾਸਨ ਮਿਲਦਾ ਹੈ ਜਿਹੜਾ ਸਾਡੀ ਰੂਹਾਨੀ ਸੋਚ ਲਈ ਜ਼ਰੂਰੀ ਹੁੰਦਾ

ਹੈ। ਜਦੋਂ ਜ਼ਿੰਦਗੀ ਵਿਚ ਸਭ ਕੁਝ ਠੀਕ ਠਾਕ ਹੋਵੇ, ਕਿਤੇ ਕੋਈ ਗੜਬੜ ਨਾ ਹੋਵੇ, ਤਾਂ ਮਸੀਹੀ ਵਿਅਕਤੀ ਨਿਧੜਕ ਹੋ ਜਾਂਦਾ ਹੈ ਅਤੇ ਮਨ ਹੀ ਮਨ ਖੁਸ਼ ਹੁੰਦਾ ਹੈ। ਜਦੋਂ ਜ਼ਿੰਦਗੀ ਵਿਚ ਚਾਰੇ ਪਾਸੇ ਪਰੇਸ਼ਾਨੀਆਂ ਹੋਣ, ਹਰ ਵੇਲੇ ਕੁਝ ਨਾ ਕੁਝ ਗੜਬੜ ਹੀ ਹੋ ਰਹੀ ਹੋਵੇ, ਤਾਂ ਮਸੀਹੀ ਵਿਅਕਤੀ ਸਖ਼ਤ, ਬੇਦਰਦ ਹੋ ਕੇ ਜ਼ਿੰਦਗੀ ਤੋਂ ਅਤੇ ਆਪਣੇ ਆਪ ਤੋਂ ਬੜਾ ਮਾਯੂਸ ਹੋ ਸਕਦਾ ਹੈ। ਜਦੋਂ ਕੁਝ ਕੁਝ ਠੀਕ ਹੋਵੇ ਅਤੇ ਕੁਝ ਕੁਝ ਪਰੇਸ਼ਾਨੀਆਂ ਹੋਣ ਤਾਂ ਮਸੀਹੀ ਵਿਅਕਤੀ ਆਪਣੇ ਵਿਸ਼ਵਾਸ ਲਈ ਇਕ ਅਨੁਸ਼ਾਸਨ ਬਣਾ ਸਕਦਾ ਹੈ। ਖ਼ੁਦਾ ਦੀ ਸੇਵਾ ਕਰਨ ਵਾਲਾ ਵਿਸ਼ਵਾਸ ਖ਼ੁਦਾ ਵਿਚ ਰਹਿੰਦਾ ਅਤੇ ਖ਼ੁਦਾ ਦੀ ਸਮਰੱਥਾ ਵਿਚ ਰੋਜ਼ ਬਣਿਆ ਰਹਿੰਦਾ ਹੈ, ਉਹ ਉਸ ਅਨੁਸ਼ਾਸਨ ਨੂੰ ਵਿਖਾ ਰਿਹਾ ਹੁੰਦਾ ਹੈ ਜਿਹੜਾ ਖ਼ੁਦਾ ਦੀ ਸੰਤਾਨ ਨੂੰ ਆਪਣੇ ਅੰਦਰ ਲਿਆਉਣਾ ਜ਼ਰੂਰੀ ਹੈ।

ਅਨੁਸ਼ਾਸਤ ਵਿਸ਼ਵਾਸ ਦੀ ਇਹ ਗੱਲ ਸਾਡੀ ਆਸ ਤਕ ਵੀ ਜਾਂਦੀ ਹੈ। ਜਦੋਂ ਕੋਈ ਸੁਪਨਾ ਸਾਕਾਰ ਹੋਣ ਵਾਲਾ ਹੋਵੇ ਅਤੇ ਜਦੋਂ ਕੋਈ ਤ੍ਰਾਸਦੀ ਸਾਡੇ ਉੱਤੇ ਆਣ ਪਏ, ਤਾਂ ਸਾਡੀ ਆਸ ਸਾਨੂੰ ਮਜ਼ਬੂਤ ਬਣੇ ਰਹਿਣ ਵਿਚ ਮਦਦ ਕਰਦੀ ਹੈ। ਜਦੋਂ ਬੜਾ ਸੋਚ ਸਮਝ ਕੇ ਬਣਾਈਆਂ ਗਈਆਂ ਸਾਡੀਆਂ ਯੋਜਨਾਵਾਂ ਵਿਚ ਕੋਈ ਵਿਅਕਤੀ ਜਾਂ ਵਸਤੂ ਦਖ਼ਲ ਦੇ ਕੇ ਰੁਕਾਵਟ ਪਾ ਦਏ ਤਾਂ ਸਾਡੀ ਆਸ ਸਾਨੂੰ ਤੋਰੀ ਰੱਖਦੀ ਹੈ, ਖ਼ੁਦਾ ਵਿਚ ਸਾਡਾ ਭਰੋਸਾ ਕਾਇਮ ਰੱਖਦੀ ਹੈ, ਸਾਨੂੰ ਖ਼ੁਦਾ ਨਾਲ ਜੋੜੀ ਰੱਖਦੀ ਹੈ।

ਅਜਿਹੀਆਂ ਘੜੀਆਂ ਜਿਨ੍ਹਾਂ ਵਿਚ ਟੁੱਟੇ ਹੋਏ ਸੁਪਨੇ ਹੋਣ, ਸਾਡੇ ਅੱਗੇ ਅਜ਼ਮਾਇਸ਼ ਦਾ ਸਮਾਂ ਲੈ ਆਉਂਦੀਆਂ ਹਨ, ਅਜਿਹਾ ਸਮਾਂ ਜਿਹੜਾ ਨਾ ਸਿਰਫ਼ ਸਾਡੇ ਵਿਸ਼ਵਾਸ ਦੀ ਬਲਕਿ ਯਿਸੂ ਵਿਚ ਸਾਡੀ ਆਸ ਦੀ ਵੀ ਪਰਖ ਕਰਦਾ ਹੈ। ਪਰ ਸਾਡੇ ਵਿਸ਼ਵਾਸ ਅਤੇ ਆਸ ਨੂੰ ਉਨ੍ਹਾਂ ਉੱਤੇ ਲਾਗੂ ਕੀਤਾ ਜਾਵੇ ਤਾਂ ਅਨੁਸ਼ਾਸਨ ਆ ਜਾਂਦਾ ਹੈ ਅਤੇ ਵਿਸ਼ਵਾਸ ਅਤੇ ਆਸ ਦੀਆਂ ਸਾਡੀਆਂ ਮਾਸਪੇਸ਼ੀਆਂ ਮਜ਼ਬੂਤ ਹੋ ਜਾਂਦੀਆਂ ਹਨ। ਅਜਿਹੇ ਸਮਿਆਂ ਨਾਲ ਅਜਿਹਾ ਵਿਸ਼ਵਾਸ ਅਤੇ ਆਸ ਬਣਨ ਵਿਚ ਮਦਦ ਮਿਲਦੀ ਹੈ ਜਿਹੜਾ ਖ਼ੁਦਾ ਚਾਹੁੰਦਾ ਹੈ ਕਿ ਸਾਡੇ ਅੰਦਰ ਹੋਵੇ।

*ਨਿਚੋੜ:* ਯਿਸੂ ਜੈਰੁਸ ਨਾਲ ਉਹਦੇ ਘਰ ਆਇਆ ਅਤੇ ਉਹਨੇ ਉਹਦੀ ਬੇਟੀ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰ ਦਿੱਤਾ। ਜੈਰੁਸ ਨੂੰ ਇਸ ਜ਼ਿੰਗਦੀ ਵਿਚ ਇਹ ਪਤਾ ਨਹੀਂ ਸੀ ਕਿ ਇਕ ਦਿਨ ਮਰਕੁਸ ਬਾਈਬਲ ਦੇ ਇਲਾਹੀ ਇਤਿਹਾਸ ਦੇ ਇਸ ਹਿੱਸੇ ਭਾਗ ਜੈਰੁਸ ਅਤੇ ਯਿਸੂ ਦੇ ਇਤਿਹਾਸ ਨੂੰ ਸਾਰੀ ਦੁਨੀਆਂ ਲਈ ਪੜ੍ਹਨ ਵਾਸਤੇ ਲਿਖ ਦਵੇਗਾ।

ਖ਼ੁਦਾ ਦੇ ਪੁੱਤਰ ਯਿਸੂ ਦੀ ਸੇਵਾ ਕਰਨਾ, ਯਿਸੂ ਵਿਚ ਸਾਡੀ ਨਿਹਚਾ ਭਾਵ ਯਿਸੂ ਦੀ ਸਮੇਂ ਸਾਰਣੀ ਵਿਚ ਨਿਹਚਾ, ਉਸ ਵੱਡੀ ਭਲਿਆਈ ਵਿੱਚ ਨਿਹਚਾ ਜਿਹੜੀ ਖ਼ੁਦਾ ਚਾਹੁੰਦਾ ਹੈ, ਉਸ ਸਾਰੀ ਏਕਤਾ ਵਿੱਚ ਨਿਹਚਾ ਜੋ ਖ਼ੁਦਾ ਆਪਣੇ ਇਲਾਹੀ ਮਕਸਦ ਲਈ ਚਲਾਉਂਦਾ ਹੈ, ਅਤੇ ਵਿਸ਼ਵਾਸ ਵਿੱਚ ਹਰ ਰੋਜ਼ ਅਨੁਸ਼ਾਸਨ ਨੂੰ ਬਣਾਉਣ ਦੀ ਅਹਿਮੀਅਤ ਵਿਚ ਵਿਸ਼ਵਾਸ ਨੂੰ ਵਧਾਉਂਦਾ ਹੈ।

ਯਿਸੂ ਨੇ ਜੈਰੁਸ ਨੂੰ ਜਿਹੋ ਜਿਹਾ ਉਹ ਹੈ ਸੀ ਉਹੋ ਜਿਹਾ ਲਿਆ, ਪਰ ਉਹ ਉਸ ਨਾਲ ਐਨਾ ਪਿਆਰ ਕਰਦਾ ਸੀ ਕਿ ਉਹ ਉਸ ਨੂੰ ਉਵੇਂ ਹੀ ਛੱਡਣਾ ਨਹੀਂ ਚਾਹੁੰਦਾ ਸੀ। ਆਪਣੀ ਨਿਗਰਾਨੀ ਵਿਚ ਉਹਨੇ ਉਸ ਨੂੰ ਆਪਣਾ ਇਕ ਵੱਡਾ ਚੇਲਾ ਬਣਨ ਲਈ ਵਧਣ ਦਿੱਤਾ। ਇਹ ਸੰਸਾਰ ਦੁੱਖਾਂ ਦਾ ਮਾਰਿਆ ਹੈ ਪਰ ਇਹ ਉਹ ਖੂਬਸੂਰਤ ਜਗ੍ਹਾ ਹੈ ਜਿਸ ਵਿਚ ਯਿਸੂ ਦੇ ਸਰੂਪ ਵਿਚ ਵਧਿਆ ਜਾ ਸਕਦਾ ਹੈ। ਇਹ ਵਧਣਾ ਕਈ ਵਾਰ ਸਿਰਫ਼ ਖ਼ੁਦਾ ਦੀ ਸੇਵਾ ਕਰਨ ਨਾਲ ਹੋ ਸਕਦਾ ਹੈ, ਉਹ ਸੇਵਾ ਕਰਨਾ ਸਾਨੂੰ ਉਸ ਵੱਡੀ ਜ਼ਿੰਦਗੀ ਅਤੇ ਪਿਆਰ ਵਿਚ ਚੱਲਣ ਦਿੰਦਾ ਹੈ ਜਿਹੜੀ ਖ਼ੁਦਾ ਨੇ ਸਾਡੇ ਲਈ ਰੱਖੀ ਹੈ।

### **ਵਾਸਤਵਿਕ ਵਿਸ਼ਵਾਸ ਨੂੰ ਅਸਲ ਵਿਸ਼ਵਾਸ ਬਣਾਉਣਾ** (5:25-34)

5:22–43 ਦੋ ਮੋਅਜਜ਼ੇ ਦੱਸੇ ਗਏ ਹਨ, ਜਿਨ੍ਹਾਂ ਵਿਚ ਇਕ ਮੋਅਜਜ਼ਾ ਦੂਜੇ ਦੇ ਵਿਚਕਾਰ ਮਿਲਦਾ ਹੈ। ਲਹੂ ਵਹਿਣ ਵਾਲੀ ਔਰਤ ਦੀ ਚੰਗਿਆਈ ਦਾ ਪਹਿਲਾ ਮੋਅਜਜ਼ਾ, ਦੂਜੀ ਘਟਨਾ ਵਿਚ ਰੁਕਾਵਟ

ਬਣਿਆ। ਯਿਸੂ ਨੇ ਸਾਡੀ ਉਮੀਦ ਦੇ ਮਤਾਬਿਕ ਇਨ੍ਹਾਂ ਦੋਹਾਂ ਘਟਨਾਵਾਂ ਨਾਲ ਕਿਰਪਾ, ਰਹਿਮ ਅਤੇ ਖ਼ੁਦਾਈ ਸਮਰੱਥਾ ਨਾਲ ਕੰਮ ਕੀਤਾ। ਖ਼ੁਦਾ ਦੇ ਪੁੱਤਰ ਨੇ ਹਰ ਵਾਰ ਰੁਕਾਵਟ ਨੂੰ ਦੂਜਿਆਂ ਦੀ ਸੇਵਾ ਕਰਨ ਅਤੇ ਆਪਣੀ ਇਲਾਹੀ ਸ਼ਕਤੀ ਨੂੰ ਵਿਖਾਉਣ ਲਈ ਤੇਜ ਨਾਲ ਭਰੇ ਮੌਕੇ ਵਿਚ ਬਦਲ ਦਿੱਤਾ।

ਪਹਿਲੇ ਮੋਅਜਜ਼ੇ ਨਾਲ ਜੁੜੀ ਔਰਤ ਬੇਹੱਦ ਗ਼ਰੀਬ, ਬੇਹੱਦ ਪਰੇਸ਼ਾਨ, ਅਤੇ ਬੇਹੱਦ ਬਿਮਾਰ ਸੀ। ਉਹ ਬਾਰਾਂ ਸਾਲਾਂ ਤੋਂ ਖ਼ਤਰਨਾਕ ਬਿਮਾਰੀ ਨਾਲ ਲੜ ਰਹੀ ਸੀ। ਉਹਦੀ ਬਿਮਾਰੀ ਨੇ ਉਹਨੂੰ ਅਸ਼ੁੱਧ ਬਣਾ ਦਿੱਤਾ ਸੀ ਅਤੇ ਉਸ ਨੂੰ ਛੇਕੀ ਹੋਈ ਮੰਨਿਆ ਜਾਂਦਾ ਹੋਵੇਗਾ। ਉਸ ਨੇ ਆਪਣਾ ਸਾਰਾ ਪੈਸਾ ਵੈਦਾਂ ਹਕੀਮਾਂ ਨੂੰ ਖੁਆ ਦਿੱਤਾ ਸੀ ਪਰ ਉਸ ਦੀ ਸਿਹਤ ਵਿੱਚ ਕੋਈ ਸੁਧਾਰ ਨਹੀਂ ਹੋਇਆ ਸੀ। ਅਸਲ ਵਿਚ ਉਹਦੀ ਸਿਹਤ ਹੋਰ ਵਿਗੜ ਗਈ ਸੀ। ਸਾਲਾਂ ਤਕ ਮਾਯੂਸੀ ਭਰੀ ਜ਼ਿੰਦਗੀ ਬਿਤਾਉਣ ਤੋਂ ਬਾਅਦ ਉਸ ਨੇ ਆਪਣੇ ਆਖ਼ਰੀ ਸਹਾਰੇ ਦੇ ਰੂਪ ਵਿਚ ਯਿਸੂ ਵੱਲ ਵੇਖਿਆ।

ਯਿਸੂ ਦੇ ਪ੍ਰਚਾਰ ਕਰਨ ਅਤੇ ਚੰਗਿਆਈ ਦੇਣ ਦੀ ਖ਼ਬਰ ਪੂਰੇ ਸ਼ਹਿਰ ਵਿਚ ਫੈਲ ਗਈ ਸੀ। ਇਸ ਔਰਤ ਨੇ ਸੁਣਿਆ ਅਤੇ ਉਸ ਨੇ ਇਨ੍ਹਾਂ ਗੱਲਾਂ ਨੂੰ ਮੰਨ ਲਿਆ। ਸ਼ਾਇਦ ਯਿਸੂ ਨੂੰ ਕੋਈ ਚਮਤਕਾਰ ਕਰਦਿਆਂ ਵੇਖੇ ਬਿਨਾਂ ਉਸ ਨੇ ਉਹਦੀ ਗਵਾਹੀ ਨੂੰ ਮੰਨ ਲਿਆ ਸੀ। ਮਾਯੂਸੀ ਵਿਚ ਉਹਨੇ ਤਹਈਆ ਕਰ ਲਿਆ ਸੀ ਕਿ ਜਿਹੜੀ ਚੰਗਿਆਈ ਉਹਨੂੰ ਚਾਹੀਦੀ ਹੈ, ਉਹਦੇ ਲਈ ਉਹ ਯਿਸੂ ਕੋਲ ਜਾਵੇਗੀ। ਯਿਸੂ ਦੇ ਮਗਰ ਉਹਦਾ ਜਾਣਾ 5:25–34 ਵਾਲੇ ਵਿਰਤਾਂਤ ਦਾ ਕਥਾਨਕ ਹੈ।

ਇਸ ਔਰਤ ਦੇ ਯਿਸੂ ਕੋਲ ਜਾਣ ਦੀ ਘਟਨਾ ਜੋਸ਼ ਨਾਲ ਭਰੀ ਹੋਈ ਹੈ; ਇਹ ਵਿਸ਼ਵਾਸ ਦੇ ਸੁਭਾਅ ਅਤੇ ਅਰਥ ਨਾਲ ਸਬੰਧਿਤ ਜਾਣਕਾਰੀ ਤੋਂ ਲਈ ਗਈ ਹੈ। ਜੋ ਕੁਝ ਇਸ ਔਰਤ ਨੇ ਕੀ ਕੀਤਾ ਉਹ ''ਵਿਸ਼ਵਾਸ ਕਿਵੇਂ ਸ਼ੁਰੂ ਹੁੰਦਾ ਹੈ?''; ''ਸ਼ੁਰੂਆਤੀ ਵਿਸ਼ਵਾਸ ਮਜ਼ਬੂਤ ਵਿਸ਼ਵਾਸ ਵਿੱਚ ਕਿਵੇਂ ਵਧਦਾ ਹੈ?'' ਅਤੇ ''ਵਿਸ਼ਵਾਸ ਮੁਕਤੀ ਦੁਆਉਣ ਵਾਲਾ ਵਿਸ਼ਵਾਸ ਕਦੋਂ ਬਣਦਾ ਹੈ?'' ਵਰਗੇ ਸਵਾਲਾਂ ਦੇ ਜਵਾਬ ਦਿੰਦਾ ਹੈ। ਵਾਸਤਵਿਕ ਵਿਸ਼ਵਾਸ ਦੇ ਅਸਲ ਵਿਚ ਬਣਨ ਦੇ ਢੰਗ ਨੂੰ ਵੇਖਦੇ ਹੋਏ ਆਓ ਧਿਆਨ ਨਾਲ ਯਿਸੂ ਦੇ ਇਸ ਮੋਅਜਜ਼ੇ ਦੇ ਨਤੀਜੇ ਨੂੰ ਵੇਖੀਏ।

1. ਇਸ ਔਰਤ ਦੇ ਵਿਸ਼ਵਾਸ ਦੇ ਸਫ਼ਰ ਪਹਿਲੇ ਚਰਣ ਵਿਚ ਅਸੀਂ ਉਸਦੇ ਉਹਨੂੰ ਮਿਲੀ ਗਵਾਹੀ ਦੇ *ਮੰਨਣ* ਨੂੰ ਵੇਖਦੇ ਹਾਂ। ਉਸ ਦੇ ਜਵਾਬ ਨਾਲ ਇਹ ਪਤਾ ਲਗ ਗਿਆ ਕਿ ਉਸ ਦੇ ਵਿਸ਼ਵਾਸ ਨੇ ਰੂਪ ਲੈਣਾ ਕਿੱਥੋਂ ਸ਼ੁਰੂ ਕੀਤਾ। ਰੋਮੀਆਂ 10:17 ਵਿਚ, ਪੌਲੁਸ ਨੇ ਵਿਸ਼ਵਾਸ ਦੇ ਸ਼ੁਰੂ ਹੋਣ ਦੀ ਸਚਿਆਈ ਲਿਖੀ ਹੈ: ''ਸੋ ਪਰਤੀਤ ਸੁਣਨ ਨਾਲ, ਅਤੇ ਸੁਣਨਾ ਮਸੀਹ ਦੇ ਵਚਨ ਤੋਂ ਆਉਂਦਾ ਹੈ।''

ਇੱਥੇ ਉਸ ਔਰਤ ਨੇ ਉਨ੍ਹਾਂ ਸੱਚੀਆਂ ਗੱਲਾਂ ਨੂੰ ਸੁਣਿਆ ਸੀ ਜੋ ਯਿਸੂ ਕਹਿ ਰਿਹਾ ਸੀ। ਯਿਸੂ ਦੇ ਕੰਮਾਂ ਬਾਰੇ ਸੁਣਨਾ ''ਮਸੀਹ ਦਾ ਵਚਨ'' ਸੁਣਨ ਵਾਂਗ ਨਹੀਂ ਹੈ। ਪਰ ਜਿਹੜੀ ਗਵਾਹੀ ਉਹਦੇ ਕੰਨਾਂ ਵਿਚ ਪਈ ਸੀ ਉਸ ਨੂੰ ਮਾਨਣ ਲਈ, ਉਸ ਨੂੰ ਆਪਣੇ ਮਨ ਵਿਚ ਇਹ ਕਹਿਣ ਦੀ ਚੁਣੌਤੀ ਮਿਲੀ ਹੋਵੇਗੀ, ''ਜੇ ਇਹ ਸੱਚ ਹੈ, ਤਾਂ ਇਹ ਉਹੀ ਹੈ ਜਿਹੜਾ ਆਉਣ ਵਾਲਾ ਸੀ।'' ਸ਼ਾਇਦ ਇੱਥੇ ਉਸ ਦੀ ਸਮਝ ਡਾਂਵਾਂਡੋਲ ਹੁੰਦੀ ਹੈ, ਪਰ ਉਹ ਐਨੀ ਮਜ਼ਬੂਤ ਹੈ ਕਿ ਇਹ ਉਸ ਨੂੰ ਯਿਸੂ ਦੇ ਸਬੰਧ ਵਿੱਚ ਕਾਰਵਾਹੀ ਕਰਨ ਲਈ ਪ੍ਰੇਰਿਤ ਕਰ ਸਕਦੀ ਹੈ। ਉਸ ਨੂੰ ਐਨਾ ਯਕੀਨ ਸੀ ਕਿ ਉਸ ਨੇ ਉਸ ਦੇ ਪਿੱਛੇ ਜਾਣ ਦਾ ਫ਼ੈਸਲਾ ਲੈ ਲਿਆ।

ਯਹੋਸ਼ੁਆ 2 ਅਧਿਆਇ ਵਿਚ ਰਾਹਾਬ ਨੇ ਖ਼ੁਦਾ ਦੀਆਂ ਸਿਰਫ਼ ਦੋ ਕਹਾਣੀਆਂ ਸੁਣੀਆਂ ਹੋਈਆਂ ਸਨ। ਉਹਨੇ ਉਸ ਗਵਾਹੀ ਨਾਲ ਭਾਵੇਂ ਉਹ ਬੜੀ ਘੱਟ ਸੀ, ਮੰਨ ਲਿਆ ਅਤੇ ਇਸਰਾਏਲ ਦੇ ਖ਼ੁਦਾ ਵੱਲ ਹੋਣ ਦਾ ਫ਼ੈਸਲਾ ਕੀਤਾ। ਇਹ ਪ੍ਰਵਾਨਗੀ ਇਕ ਸਹੀ ਸ਼ੁਰੂਆਤ ਸੀ। ਇਸ ਤੋਂ ਉਹ ਅੱਗੇ ਵਧੀ ਅਤੇ ਉਹਦੀ ਉਡੀਕ ਕਰ ਰਹੇ ਸੀ ਮੌਕੇ ਦੇਣ ਦਰਵਾਜ਼ੇ ਨੂੰ ਖੋਲ੍ਹ ਦਿੱਤਾ। ਇਹੀ ਕੁਝ ਇਸ ਔਰਤ ਅਤੇ ਯਿਸੂ ਨੂੰ ਜਾਣਨ ਦੀ ਉਸ ਦੀ ਇੱਛਾ ਵਿਚ ਹੋਇਆ।

2. ਦੂਜਾ ਚਰਣ *ਇਰਾਦਾ* ਹੈ। ਜਿਹੜੀ ਗਵਾਹੀ ਉਸ ਨੇ ਸੁਣੀ ਸੀ ਉਸ ਦੀ ਆਪਣੀ ਪ੍ਰਵਾਨਗੀ

ਲਈ ਉਹਨੇ ਕੀ ਕਰਨ ਦਾ ਫ਼ੈਸਲਾ ਲਿਆ? ਜਦੋਂ ਉਸ ਨੂੰ ਪਤਾ ਲੱਗਾ ਕਿ ਯਿਸੂ ਕੋਲ ਹੀ ਹੈ, ਤਾਂ ਉਸ ਨੇ ਭੀੜ ਵਿੱਚੋਂ ਨਿੱਕਲ ਕੇ ਉਹਨੂੰ ਛੂਹਣ ਲਈ ਜਾਣ ਦਾ ਇਰਾਦਾ ਕੀਤਾ। ਜੈਰੁਸ ਲੋਕਾਂ ਦੇ ਸਾਹਮਣੇ ਯਿਸੂ ਕੋਲ ਆਇਆ ਸੀ, ਪਰ ਇਸ ਔਰਤ ਨੇ ਉਸ ਨੂੰ ਚੁੱਪ ਕੀਤੇ ਛੂਹਣ ਦਾ ਫ਼ੈਸਲਾ ਕੀਤਾ। ਉਹ ਕਿਵੇਂ ਕਰ ਸਕਦੀ ਸੀ? ਉਸ ਨੇ ਉਹਦੇ ਮਗਰੋਂ ਦੀ ਜਾ ਕੇ ਉਹਦਾ ਪੱਲਾ ਛੂਹ ਲੈਣਾ ਸੀ। ਜੇ ਉਹ ਅਜਿਹਾ ਕਰਦੀ ਤਾਂ ਗਵਾਹੀ ਦੀ ਆਪਣੀ ਪਰਵਾਨਗੀ ਤਕ ਉਸ ਨੂੰ ਡਟੇ ਰਹਿਣਾ ਪੈਣਾ ਸੀ। ਇਹ ਦੱਸਦੇ ਹੋਏ ਕਿ ਉਹਨੇ ਕੀ ਕੀਤਾ ਮਰਕੁਸ ਲਿਖਦਾ ਹੈ, ''ਜੇ ਮੈਂ ਨਿਰਾ ਉਹਦੇ ਕੱਪੜੇ ਨੂੰ ਹੀ ਛੋਹਾਂ ਤਾਂ ਚੰਗੀ ਹੋ ਜਾਵਾਂਗੀ'' (5:28)।

ਇਹ ਜਾਣਨਾ ਕਿ ਯਿਸੂ ਨੇੜੇ ਹੈ ਇਕ ਗੱਲ ਸੀ; ਭੀੜ ਵਿੱਚੋਂ ਉਹਦੇ ਐਨਾ ਨੇੜੇ ਜਾ ਕੇ ਉਹਦਾ ਪੱਲਾ ਛੂਹ ਲੈਣ ਦਾ ਫ਼ੈਸਲਾ ਲੈਣਾ ਦੂਜੀ ਗੱਲ ਹੈ। ਮੰਜ਼ੂਰੀ ਪਹਿਲਾ ਚਰਣ ਸੀ, ਪਰ ਉਸ ਤੋਂ ਅਗਲਾ ਚਰਣ ਇਹ ਇਰਾਦਾ ਕਰਨਾ ਸੀ ਕਿ ਉਸ ਦੇ ਵਾਸਤਵਿਕ ਵਿਸ਼ਵਾਸ ਨੂੰ ਅਸਲ ਵਿਸ਼ਵਾਸ ਵਿਚ ਵਿਖਾਇਆ ਜਾਏ।

ਇਸਰਾਏਲੀਆਂ ਦੇ ਉਜਾੜ ਵਿਚ ਘੁੰਮਣ ਦੌਰਾਨ ਉਨ੍ਹਾਂ ਵਿੱਚੋਂ ਕਈਆਂ ਦੇ ਖ਼ੁਦਾ ਦੇ ਵਿਰੁੱਧ ਬੁੜ ਬੁੜਾਉਣ ਕਰਕੇ ਜ਼ਹਿਰੀਲੇ ਸੱਪ ਇਸਰਾਏਲੀਆਂ ਦੇ ਵਿਰੋਧ ਵਿਚ ਆ ਗਏ। ਜਦੋਂ ਮੂਸਾ ਨੇ ਲੋਕਾਂ ਲਈ ਵਿਚੋਲਗੀ ਕੀਤੀ, ਤਾਂ ਉਹਨੂੰ ਇਕ ਖੰਭਾ ਬਣਾ ਕੇ ਇਕ ਸੱਪ ਦੀ ਪਿੱਤਲ ਦੀ ਮੂਰਤੀ ਉਸ ਉੱਤੇ ਟੰਗਣ ਲਈ ਕਿਹਾ ਗਿਆ। ਜੇ ਕੋਈ ਸੱਪ ਦਾ ਡੰਗਿਆ ਪਿੱਤਲ ਦੇ ਸੱਪ ਵੱਲ ਵੇਖ ਲੈਂਦਾ ਤਾਂ ਉਹਨੇ ਜ਼ਿੰਦਾ ਬਚ ਜਾਣਾ ਸੀ (ਗਿਣਤੀ 21:8, 9)। ਇਲਾਜ ਦਾ ਸਿਰਫ਼ ਪਤਾ ਹੋਣ ਨਾਲ ਮਰ ਰਹੀ ਇਸਰਾਏਲ ਕੌਮ ਨੂੰ ਚੰਗਿਆਈ ਨਹੀਂ ਮਿਲਣੀ ਸੀ। ਸੱਪ ਦੇ ਕੱਟੇ ਹਰ ਬੰਦੇ ਨੂੰ ਚੰਗਿਆਈ ਲਈ ਦਿੱਤੀਆਂ ਗਈਆਂ ਹਦਾਇਤਾਂ ਨੂੰ ਮੰਨ ਕੇ ਜੋ ਕਰਨ ਲਈ ਕਿਹਾ ਗਿਆ ਸੀ, ਉਹ ਕਰਕੇ ਉਸ ਗਵਾਹੀ ਨੂੰ ਮੰਨਣਾ ਜ਼ਰੂਰੀ ਸੀ।

3. ਇਸ ਔਰਤ ਦੇ ਵਿਸ਼ਵਾਸ ਦੇ ਸਫ਼ਰ ਵਿਚ ਮਿਲਣ ਵਾਲਾ ਤੀਜਾ ਚਰਣ *ਕਾਰਵਾਹੀ* ਦਾ ਚਰਣ ਹੈ। ਉਸ ਨੇ ਫ਼ੈਸਲਾ ਲਿਆ ਸੀ ਕਿ ਉਹ ਯਿਸੂ ਨੂੰ ਛੂਹੇਗੀ, ਪਰ ਉਹਦਾ ਵਿਸ਼ਵਾਸ ਸਰਗਰਮ ਵਿਸ਼ਵਾਸ ਬਣਨਾ ਜ਼ਰੂਰੀ ਸੀ। ਉਹਦੇ ਲਈ ਉੱਥੇ ਜਾਣਾ ਜ਼ਰੂਰੀ ਸੀ, ਜਿੱਥੇ ਯਿਸੂ ਸੀ। ਜੇ ਉਹ ਉੱਥੇ ਹੀ ਖਲੋਤੀ ਰਹਿ ਕੇ ਉਸ ਨੂੰ ਭੀੜ ਦੇ ਨਾਲ ਨਾਲ ਜਾਂਦਿਆਂ ਹੋਇਆ ਵੇਖਦੀ ਰਹਿੰਦੀ, ਤਾਂ ਉਹਨੇ ਚੰਗੀ ਨਹੀਂ ਹੋਣਾ ਸੀ। ਉਹਨੇ ਕੰਮ ਕੀਤਾ। ਉਹਨੇ ਆਪਣੇ ਅੱਗੇ ਲੋਕਾਂ ਦੇ ਉੱਤੇ ਦੀ ਹੋ ਕੇ ਯਿਸੂ ਦੇ ਨੇੜੇ ਜਾ ਕੇ ਉਸ ਨੂੰ ਛੂਹਿਆ।

ਯਾਕੂਬ ਨੇ ਨਿਹਚਾ ਦੇ ''ਕੰਮਾਂ'' ਉੱਤੇ ਜ਼ੋਰ ਦਿੱਤਾ। ਉਸ ਨੇ ਕਿਹਾ ਕਿ ਅਜਿਹਾ ਵਿਸ਼ਵਾਸ ਜਿਹੜਾ ਕੰਮ ਨਹੀਂ ਕਰਦਾ, ਉਹ ਮੁਰਦਾ ਵਿਸ਼ਵਾਸ ਹੈ: ''ਇਸੇ ਪਰਕਾਰ ਨਿਹਚਾ ਜੋ ਅਮਲ ਸਹਿਤ ਨਾ ਹੋਵੇ ਤਾਂ ਆਪਣੇ ਆਪ ਤੋਂ ਮੋਈ ਹੋਈ ਹੈ'' (ਯਾਕੂਬ 2:17)। ਉਸ ਨੇ ਆਖਿਆ ਕਿ ਵਿਸ਼ਵਾਸ ਉਦੋਂ ਤਕ ਅਸਲ ਵਿਸ਼ਵਾਸ ਨਹੀਂ ਬਣਦਾ ਜਦੋਂ ਤਕ ਇਸ ਵਿਚ ਆਪਣੇ ਅੰਦਰੋਂ ''ਕੰਮ'' ਨਹੀਂ ਕਰਦਾ: ''ਤੁਸੀਂ ਵੇਖਦੇ ਹੋ ਭਈ ਮਨੁੱਖ ਨਿਰੀ ਨਿਹਚਾ ਨਾਲ ਹੀ ਨਹੀਂ ਸਗੋਂ ਅਮਲਾਂ ਨਾਲ ਧਰਮੀ ਠਹਿਰਾਇਆ ਜਾਂਦਾ ਹੈ'' (ਯਾਕੂਬ 2:24)। ਵਾਸਤਵਿਕ ਅਤੇ ਅਸਲ ਵਿਸ਼ਵਾਸ ਵਿਚ ਇਹੀ ਫ਼ਰਕ ਹੈ।

ਅਸਲ ਵਿਸ਼ਵਾਸ ਸਿਰਫ਼ ਸਚਮੁਚ ਦੀ ਗਵਾਹੀ ਨੂੰ ਮੰਨ ਕੇ ਉਸ ਨੂੰ ਪੱਕਾ ਮੰਨਣਾ ਹੈ। ਭੂਤਾਂ ਦਾ ਵੀ ਅਜਿਹਾ ਵਿਸ਼ਵਾਸ ਹੈ, ਇਸੇ ਕਰਕੇ ਉਨ੍ਹਾਂ ਨੂੰ ਕੰਬਣੀ ਲਗ ਜਾਂਦੀ ਹੈ (ਯਾਕੂਬ 2:19)। ਅਸਲ ਵਿਸ਼ਵਾਸ ਵੀ ਕਿਸੇ ਨੂੰ ਕੰਬਾ ਸਕਦਾ ਹੈ, ਪਰ ਇਹ ਉਸ ਤੋਂ ਅੱਗੇ ਵਧ ਕੇ ਕਾਰਵਾਹੀ ਕਰਨ ਲਈ ਵੀ ਕੰਮ ਕਰਦਾ ਹੈ, ਜਿਵੇਂ ਇਸ ਔਰਤ ਨਾਲ ਹੋਇਆ ਜਿਹਨੇ ਯਿਸੂ ਦਾ ਪੱਲਾ ਛੂਹਿਆ ਸੀ। ਅਸਲ ਵਿਸ਼ਵਾਸ ਉਹ ਕਰਵਾਹੀ ਹੈ ਜਿਹੜੀ ਗਵਾਹੀ ਨੂੰ ਮੰਨਣ ਅਤੇ ਯਕੀਨ ਜਾਨਣ ਨਾਲ ਹੁੰਦੀ ਹੈ। ਇਸ ਔਰਤ ਦੇ ਵਿਸ਼ਵਾਸ ਵਿੱਚ ਇਹੀ ਹੋਇਆ ਅਤੇ ਸਾਡੇ ਵਿਸ਼ਵਾਸ ਵਿੱਚ ਵੀ ਇਹੀ ਹੋਣਾ ਜ਼ਰੂਰੀ ਹੈ।

*ਨਿਚੋੜ:* ਮਰਕੁਸ ਨੇ ਇਸ ਵੇਰਵੇ ਨਾਲ ਇਸ ਔਰਤ ਦੇ ਵਿਸ਼ਵਾਸ ਦੇ ਸਫ਼ਰ ਦੇ ਪੂਰਾ ਹੋਣ ਦਾ ਐਲਾਨ ਕੀਤਾ: ''ਅਤੇ ਯਿਸੂ ਨੇ ਉਸ ਵੇਲੇ ਆਪਣੇ ਮਨ ਵਿੱਚ ਜਾਣ ਕੇ ਜੋ ਮੇਰੇ ਵਿੱਚੋਂ ਸ਼ਕਤੀ ਨਿਕਲੀ ਹੈ ਉਸ ਭੀੜ ਦੀ ਵੱਲ ਮੁੜ ਕੇ ਕਿਹਾ, ਮੇਰੇ ਕੱਪੜੇ ਨੂੰ ਕਿਹ ਨੇ ਛੋਹਿਆ?'' (5:30)। ਯਿਸੂ ਨੇ ਇਕਦਮ ਪਿੱਛੇ ਮੁੜ ਕੇ ਇਸ ਛੂਹੇ ਜਾਣ ਦਾ ਜਵਾਬ ਦਿੱਤਾ। ਸਾਫ਼ ਤੌਰ ਤੇ ਉਹ ਔਰਤ ਦੇ ਮਨ ਦੀ ਤਸਦੀਕ ਕਰਨਾ ਚਾਹੁੰਦਾ ਸੀ ਕਿ ਉਹਦੇ ਨਾਲ ਕੀ ਹੋਇਆ ਸੀ, ਲੋਕਾਂ ਦੇ ਸਾਹਮਣੇ ਉਹਦੇ ਵਿਸ਼ਵਾਸ ਨੂੰ ਆਦਰ ਦੇਣਾ ਚਾਹੁੰਦਾ ਸੀ ਅਤੇ ਉਸ ਚੰਗਿਆਈ ਦਾ ਐਲਾਨ ਕਰਨਾ ਚਾਹੁੰਦਾ ਸੀ ਜਿਹੜੀ ਹੋਈ ਸੀ।

''ਉਹਦੇ ਚੇਲਿਆਂ ਨੇ ਉਹਨੂੰ ਆਖਿਆ, ਤੂੰ ਵੇਖਦਾ ਹੈਂ, ਜੋ ਲੋਕ ਤੈਨੂੰ ਦਬਾਉਂਦੇ ਹਨ, ਫੇਰ ਤੂੰ ਕਹਿੰਦਾ ਹੈਂ, ਮੈਨੂੰ ਕਿਹ ਨੇ ਛੋਹਿਆ?'' ਫਿਰ ਵੀ ''ਉਹ ਨੇ ਇੱਧਰ ਉੱਧਰ ਨਜ਼ਰ ਮਾਰੀ ਭਈ ਇਸ ਕੰਮ ਦੇ ਕਰਨ ਵਾਲੀ ਨੂੰ ਵੇਖੇ'' (5:31, 32)। ਕਈ ਸਾਲਾਂ ਤਕ ਅਸ਼ੁੱਧ ਅਤੇ ਲੋਕਾਂ ਵਿਚ ਜਾਣ ਤੋਂ ਰੋਕੇ ਜਾਣ ਤੋਂ ਬਾਅਦ, ਇਹ ਔਰਤ ਨੇ ''ਉਹਦੇ ਚਰਨਾਂ ਉੱਤੇ ਡਿੱਗ ਕੇ ਸਾਰੀ ਹਕੀਕਤ ਉਹਨੂੰ ਦੱਸ ਦਿੱਤੀ'' (5:33)। ਉਸ ਔਰਤ ਦਾ ਵਿਸ਼ਵਾਸ ਅਸਲ ਸੀ। ਯਿਸੂ ਨੂੰ ਮਿਲ ਕੇ ਉਹਨੂੰ ਉਹ ਸਭ ਮਿਲ ਗਿਆ ਜੋ ਉਸ ਦਾ ਵਿਸ਼ਵਾਸ ਸੀ ਕਿ ਉਹਨੂੰ ਮਿਲੇਗਾ। ਯਿਸੂ ਨੇ ਉਹਦੇ ਵਿਸ਼ਵਾਸ ਨੂੰ ਅਜਿਹਾ ਵਿਸ਼ਵਾਸ ਮੰਨਿਆ ਜਿਸਨੂੰ ਉਹ ਲੋਕਾਂ ਵਿਚ ਚਾਹ ਰਿਹਾ ਸੀ। ''ਤਾਂ ਉਹ ਨੇ ਉਸ ਨੂੰ ਆਖਿਆ, ਹੇ ਬੇਟੀ ਤੇਰੀ ਨਿਹਚਾ ਨੇ ਤੈਨੂੰ ਚੰਗਾ ਕੀਤਾ ਹੈ, ਸਲਾਮਤ ਚਲੀ ਜਾਹ ਅਤੇ ਆਪਣੀ ਬਲਾ ਤੋਂ ਬਚੀ ਰਹੋ'' (5:34)। ਜਦੋਂ ਕੋਈ ਵਿਅਕਤੀ ਆਪਣਾ ਵਿਸ਼ਵਾਸ ਯਿਸੂ ਵਿਚ ਰੱਖ ਕੇ ਕੰਮ ਕਰਦਾ ਹੈ, ਤਾਂ ਯਿਸੂ ਉਸ ਵਿਅਕਤੀ ਨੂੰ ਆਪਣੀਆਂ ਅਸੀਸਾਂ ਨਾਲ ਭਰ ਦਿੰਦਾ ਹੈ।

ਅਸਲ ਵਿਸ਼ਵਾਸ ਸਾਨੂੰ ਯਿਸੂ ਕੋਲ ਲੈ ਆਉਂਦਾ ਹੈ। ਅਸਲ ਹੋਣ ਕਰਕੇ ਇਹ ਸਾਨੂੰ ਉਨ੍ਹਾਂ ਇਨਾਮਾਂ ਦਾ ਅਨੰਦ ਲੈਣ ਦੇ ਯੋਗ ਬਣਾ ਦਿੰਦਾ ਹੈ ਜਿਹੜੇ ਖ਼ੁਦਾ ਦੇ ਪੁੱਤਰ ਤੋਂ ਇਲਾਵਾ ਕੋਈ ਹੋਰ ਨਹੀਂ ਦੇ ਸਕਦਾ।

**ਯਿਸੂ ਅਤੇ ਮੌਤ** (5:35-43)

ਉਸ ਔਰਤ ਨੂੰ ਜਿਸਨੂੰ ਖ਼ੂਨ ਵਹਿਣ ਤੋਂ ਚੰਗਿਆਈ ਮਿਲੀ ਸੀ, ਆਪਣੀ ਆਖ਼ਰੀ ਗੱਲ ਕਹਿਣ ਤੋਂ ਬਾਅਦ ਯਿਸੂ ਜੈਰੁਸ ਨਾਲ ਉਹਦੇ ਘਰ ਵੱਲ ਨੂੰ ਜਾਣ ਲਈ ਵਧਿਆ। ਯਿਸੂ ਦੇ ਜੈਰੁਸ ਦੇ ਨਾਲ ਘਰ ਵੱਲ ਨੂੰ ਮੁੜਨ ਤੇ ਦੂਤ ਇਹ ਸੁਨੇਹਾ ਲੈ ਆਏ ਕਿ ਜੈਰੁਸ ਦੀ ਬੇਟੀ ਮਰ ਚੁੱਕੀ ਹੈ। ਸਿਨਾਗੋਗ ਦੇ ਹਾਕਮ ਦੇ ਘਰੋਂ ਆਏ ਬੰਦਿਆਂ ਦਾ ਮੰਨਣਾ ਸੀ ਕਿ ਯਿਸੂ ਹੁਣ ਕੁਝ ਨਹੀਂ ਕਰ ਸਕਦਾ। ਉਨ੍ਹਾਂ ਆਖਿਆ, ''ਤੇਰੀ ਧੀ ਮਰ ਗਈ, ਗੁਰੂ ਨੂੰ ਕਿਉਂ ਹੋਰ ਖੇਚਲ ਪਾਉਂਦਾ ਹੈਂ?'' (5:35)। ਉਨ੍ਹਾਂ ਨੂੰ ਇਹ ਸਮਝ ਨਹੀਂ ਆਇਆ ਕਿ ਜੇ ਉਹ ਸਚਮੁਚ ਬਿਮਾਰਾਂ ਨੂੰ ਚੰਗਾ ਕਰ ਸਕਦਾ ਹੈ, ਤਾਂ ਮੁਰਦਿਆਂ ਨੂੰ ਵੀ ਜ਼ਿੰਦਾ ਕਰ ਸਕਦਾ ਹੈ। ਭਾਵੇਂ ਉਨ੍ਹਾਂ ਨੇ ਜੈਰੁਸ ਨੂੰ ਆਪਣਾ ਸੁਨੇਹਾ ਦਿੱਤਾ ਸੀ, ਪਰ ਯਿਸੂ ਨੇ ਉਨ੍ਹਾਂ ਦੀ ਗੱਲ ਅਤੇ ਜੈਰੁਸ ਨੂੰ ਦਿੱਤੀ ਸਲਾਹ ਨੂੰ ਨਜ਼ਰਅੰਦਾਜ਼ ਕਰ ਦਿੱਤਾ।

ਪ੍ਰਭੂ ਨੂੰ ਜੋ ਕਿ ਦਿਲਾਂ ਦਾ ਜਾਣਨ ਵਾਲਾ ਹੈ, ਪਤਾ ਸੀ ਕਿ ਉਨ੍ਹਾਂ ਵੱਲੋਂ ਦਿੱਤੀ ਖ਼ਬਰ ਨਾਲ ਜੈਰੁਸ ਟੁੱਟ ਜਾਵੇਗਾ। ਉਹਨੇ ਤਸੱਲੀ ਦੇਣ ਵਾਲੀਆਂ ਗੱਲਾਂ ਕੀਤੀਆਂ: ''ਨਾ ਡਰ ਕੇਵਲ ਨਿਹਚਾ ਕਰ'' (5:36)। ਸ਼ਾਇਦ ਜੈਰੁਸ ਦੇ ਮਨ ਵਿਚ ਡਰ ਸੀ ਕਿ ਯਿਸੂ ਸਮੇਂ ਸਿਰ ਉਸ ਦੀ ਬੇਟੀ ਕੋਲ ਪਹੁੰਚ ਸਕੇਗਾ ਜਾਂ ਨਹੀਂ। ਪੱਕਾ ਵਿਸ਼ਵਾਸ ਉਹਨੂੰ ਯਿਸੂ ਕੋਲ ਲੈ ਕੇ ਆਇਆ ਸੀ। ਪਰੇਸਾਨ ਕਰ ਦੇਣ ਵਾਲੀ ਇਸ ਗੱਲ ਨਾਲ ਉਹਨੂੰ ਦੱਸਿਆ ਜਾਣਾ ਜ਼ਰੂਰੀ ਸੀ, ''ਨਾ ਡਰ ਕੇਵਲ ਨਿਹਚਾ ਕਰ।''

ਪਹਿਲਾਂ ਯਿਸੂ ਨੇ ਜੈਰੁਸ ਦੇ ਮਨ ਦੀ ਉਦਾਸੀ ਨੂੰ ਦੂਰ ਕੀਤਾ ਅਤੇ ਫਿਰ ਉਹਦੇ ਘਰ ਵੱਲ ਨੂੰ ਚੱਲ ਪਿਆ। ਯਿਸੂ ਕੁੜੀ ਦੇ ਮੁਰਦਿਆਂ ਵਿੱਚੋਂ ਜ਼ਿੰਦਾ ਕੀਤੇ ਜਾਣ ਨੂੰ ਤਮਾਸ਼ਾ ਨਹੀਂ ਬਨਾਉਣਾ ਚਾਹੁੰਦਾ ਸੀ। ਉਹਦੀ ਸੇਵਕਾਈ ਵਿਚ ਇੱਥੇ ਕਿਸੇ ਮੋਅਜਜ਼ੇ ਦੇ ਹੋਣ ਨਾਲ ਉਸ ਵੱਲੋਂ ਕੀਤੀਆਂ ਗਈਆਂ

ਚੰਗਿਆਈਆਂ ਨਾਲੋਂ ਕਿਤੇ ਵਧ ਕੇ ਉਤੇਜਨਾ ਹੋ ਸਕਦੀ ਸੀ। ਬਾਈਬਲ ਦੱਸਦੀ ਹੈ, ''ਤਾਂ ਉਸ ਨੇ ਪਤਰਸ ਅਰ ਯਾਕੂਬ ਅਰ ਯਾਕੂਬ ਦੇ ਭਰਾ ਯੂਹੰਨਾ ਦੇ ਬਿਨਾ ਹੋਰ ਕਿਸੇ ਨੂੰ ਆਪਣੇ ਨਾਲ ਆਉਣ ਨਾ ਦਿੱਤਾ'' (5:37)। ਬਾਅਦ ਵਿਚ, ਯਿਸੂ ਵੱਲੋਂ ਬਹੁਤ ਸਾਰੇ ਲੋਕਾਂ ਦੇ ਸਾਹਮਣੇ ਲਾਜ਼ਰ ਦੇ ਮੁਰਦਿਆਂ ਵਿੱਚੋਂ ਜ਼ਿੰਦਾ ਕੀਤੇ ਜਾਣ ਤੇ ਉਹਦੀ ਸੇਵਕਾਈ ਖ਼ਤਮ ਹੋ ਗਈ। ਅਜੇ ਉਸ ਨੇ ਬਹੁਤ ਕੰਮ ਕਰਨਾ ਸੀ। ਉਹਦੇ ਲਈ ਮੋਅਜਜ਼ੇ ਕਰਨ ਲਈ ਆਪਣੀ ਸ਼ਕਤੀ ਦੇ ਜੋਸ਼ ਨੂੰ ਘੱਟ ਕਰਨਾ ਜ਼ਰੂਰੀ ਸੀ ਤਾਂ ਜੋ ਉਹ ਆਪਣੀ ਸੇਵਕਾਈ ਨੂੰ ਪੂਰਿਆਂ ਕਰ ਸਕੇ।

ਘਰ ਪਹੁੰਚਣ ਤੇ, ਜੈਰੁਸ ਅਤੇ ਯਿਸੂ ਨੂੰ ਉੱਥੇ ਰੌਲਾ ਸੁਣਿਆ। ਸਿਆਪਾ ਕਰਨ ਵਾਲੇ ਆ ਚੁੱਕੇ ਸਨ, ਉਹ ਉੱਚੀ ਉੱਚੀ ਰੋ ਰਹੇ ਸਨ ਅਤੇ ਸਿਆਪਾ ਕਰ ਰਹੇ ਸਨ। ਪਹਿਲੀ ਸਦੀ ਦੇ ਸੰਸਾਰ ਵਿੱਚ, ਕਿਸੇ ਦੇ ਘਰ ਮੌਤ ਹੋ ਜਾਣ ਤੇ ਲਾਸ਼ ਨੂੰ ਆਮ ਤੌਰ ਤੇ ਓਸੇ ਦਿਨ ਦਫ਼ਨਾ ਦਿੱਤਾ ਜਾਂਦਾ ਸੀ ਜਿਸ ਦਿਨ ਮੌਤ ਹੋਈ ਹੁੰਦੀ ਸੀ; ਰੋਣਾ ਪਿੱਟਣਾ ਦਿਨ ਭਰ ਅਤੇ ਰਾਤ ਨੂੰ ਵੀ ਚਲਦਾ ਰਹਿੰਦਾ ਸੀ।

ਪਤਰਸ, ਯਾਕੂਬ, ਯੂਹੰਨਾ ਦੇ ਨਾਲ ਜੈਰੁਸ ਅਤੇ ਉਸ ਦੀ ਪਤਨੀ ਨੂੰ ਨਾਲ ਲੈ ਕੇ, ਯਿਸੂ ਉੱਥੇ ਚਲਿਆ ਗਿਆ ਜਿੱਥੇ ਉਹ ਬੱਚੀ ਪਈ ਹੋਈ ਸੀ। ਉਸ ਦੇ ਬਿਸਤਰੇ ਵੱਲ ਝੁੱਕਦੇ ਹੋਏ, ਉਸ ਨੇ ਮਰੀ ਹੋਈ ਕੁੜੀ ਦਾ ਹੱਥ ਫੜ੍ਹ ਲਿਆ ਅਤੇ ਅਰਾਮੀ ਵਿੱਚ ਕਿਹਾ, ''ਤਲੀਥਾ ਕੂਮੀ!'' (5:41)। ''ਤਲੀਥਾ'' ''ਬੱਚੀ'' ਅਤੇ ''ਕੂਮੀ'' ''ਉੱਠ'' ਲਈ ਕਿਰਿਆ ਸ਼ਬਦ ਹੈ। ਮਰਕੁਸ ਨੇ ਲਿਖਿਆ, ''ਉਹ ਕੁੜੀ ਝੱਟ ਉੱਠ ਖੜੀ ਹੋਈ ਅਰ ਤੁਰਨ ਫਿਰਨ ਲੱਗੀ ਕਿਉਂ ਜੋ ਉਹ ਬਾਰਾਂ ਵਰਿਹਾਂ ਦੀ ਸੀ ਅਤੇ ਓਵੇਂ ਲੋਕ ਵੱਡੇ ਅਚੰਭੇ ਵਿੱਚ ਆਣ ਕੇ ਹੈਰਾਨ ਹੋ ਗਏ'' (5:42)।

ਇਹ ਦ੍ਰਿਸ਼ ਮੁਰਦਿਆਂ ਵਿੱਚੋਂ ਅਸਲ ਜੀ ਉੱਠਣ ਦਾ ਸੀ। ਕੋਈ ਮਨੁੱਖ ਕਿਸੇ ਮੁਰਦੇ ਵਿਚ ਜਾਨ ਪਾ ਕੇ ਉਸ ਨੂੰ ਜ਼ਿੰਦਾ ਨਹੀਂ ਕਰ ਸਕਦਾ। ਸਿਰਫ਼ ਖ਼ੁਦਾ ਦਾ ਪੁੱਤਰ ਹੀ ਅਜਿਹਾ ਕਰ ਸਕਦਾ ਹੈ। ਯਿਸੂ ਦੀ ਸਚਿਆਈ ਦਾ ਇਹ ਸਭ ਤੋਂ ਵੱਡਾ ਸਬੂਤ ਸੀ ਅਤੇ ਦੂਜੇ ਸਭ ਮੋਅਜਜ਼ੇ ਸਿਰਫ਼ ਉਸ ਦੇ ਸਹਾਇਕ ਸਬੂਤ ਸਨ। ਜ਼ਿੰਦਗੀ ਨੂੰ ਸਿਰਫ਼ ਖ਼ੁਦਾ ਹੀ ਰਚ ਸਕਦਾ ਹੈ ਅਤੇ ਖ਼ੁਦਾ ਹੀ ਇਸ ਨੂੰ ਫੇਰ ਤੋਂ ਬਣਾ ਸਕਦਾ ਹੈ। ਯਿਸੂ ਦੀ ਪਛਾਣ ਦਾ ਕੋਈ ਸਬੂਤ ਬਾਕੀ ਨਹੀਂ ਰਹਿ ਗਿਆ ਸੀ; ਉਹਦੇ ਖ਼ੁਦਾ ਦਾ ਪੁੱਤਰ ਹੋਣ ਦੀ ਸਚਿਆਈ ਮੁਰਦਿਆਂ ਵਿੱਚੋਂ ਉਹਦੇ ਆਪਣੇ ਜੀ ਉੱਠਣ ਨਾਲ ਸਾਬਤ ਹੋ ਜਾਣੀ ਸੀ।

ਇੰਜੀਲ ਦੇ ਵਿਰਤਾਂਤ ਵਿੱਚ ਯਿਸੂ ਨੂੰ ਤਿੰਨ ਜਣਿਆਂ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰਦੇ ਹੋਏ ਵਿਖਾਇਆ ਗਿਆ ਹੈ: ਇਹ ਕੁੜੀ ਜਿਹੜੀ ਹੁਣੇ ਹੁਣੇ ਮਰੀ ਸੀ; ਜਵਾਨ ਜਿਸਨੂੰ ਦਫ਼ਨਾਉਣ ਲਈ ਕਬਰ ਵਿਚ ਲਿਜਾਇਆ ਜਾ ਰਿਹਾ ਸੀ (ਲੂਕਾ 7:11–17); ਅਤੇ ਲਾਜ਼ਰ, ਜਿਹੜਾ ਚਾਰ ਦਿਨਾਂ ਤੋਂ ਕਬਰ ਵਿੱਚ ਸੀ (ਯੂਹੰਨਾ 11:1–44)। ਸਾਫ਼ ਹੈ ਕਿ ਯਿਸੂ ਨੇ ਬਹੁਤੇ ਲੋਕਾਂ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਨਹੀਂ ਕੀਤਾ। ਉਸ ਨੇ ਬਹੁਤ ਸਾਰੇ ਬਿਮਾਰ ਅਤੇ ਰੋਗੀਆਂ ਨੂੰ ਚੰਗਾ ਕੀਤਾ। ਬਿਮਾਰਾਂ ਨੂੰ ਚੰਗਾ ਕਰਨਾ ਹੀ ਬਹੁਤ ਰੁਕਾਵਟ ਪਾਉਣ ਵਾਲਾ ਸੀ; ਲੋਕਾਂ ਵਿਚ ਮੁਰਦਿਆਂ ਨੂੰ ਜ਼ਿੰਦਾ ਕਰਨਾ ਉਹਦੀ ਸੇਵਕਾਈ ਨੂੰ ਬੜੀ ਅਸਾਨੀ ਨਾਲ ਘੱਟ ਕਰ ਸਕਦਾ ਸੀ। ਇਹੀ ਕਾਰਣ ਰਿਹਾ ਹੋਵੇਗਾ ਕਿ ਮਰਕੁਸ 5 ਵਿਚ ਇਸ ਮੌਕੇ ਤੇ ਯਿਸੂ ਨੇ ਸਖ਼ਤੀ ਨਾਲ ਹੁਕਮ ਦਿੱਤਾ ਕਿ ਹੋਵੇਗਾ ਕਿ ਇਸ ਬੱਚੀ ਦੇ ਜ਼ਿੰਦਾ ਕੀਤੇ ਜਾਣ ਦੀ ਗੱਲ ਕਿਸੇ ਨੂੰ ਪਤਾ ਨਾ ਲੱਗੇ।

ਯਿਸੂ ਦੇ ਇਸ ਕੁੜੀ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕੀਤੇ ਜਾਣ ਦਾ ਇਹ ਸੰਖੇਪ ਦ੍ਰਿਸ਼ ਸਾਡੇ ਲਈ ਅੱਖਾਂ ਖੋਲ੍ਹਣ ਵਾਲਾ ਹੈ। ਬਾਈਬਲ ਦੇ ਬਹੁਤ ਘੱਟ ਹਵਾਲੇ ਇਸ ਹਵਾਲੇ ਜਿੰਨੇ ਅਸਰ ਪਾਉਣ ਵਾਲੇ ਹਨ। ਇੱਕ ਜ਼ਰੂਰੀ ਸਵਾਲ ਜਿਸਦਾ ਇਸ ਵਿਚ ਜਵਾਬ ਹੈ, ਉਹ ਇਹ ਹੈ ਕਿ ''ਯਿਸੂ ਮੌਤ ਦਾ ਕੀ ਕਰਦਾ ਹੈ?'' ਆਓ ਇਸ ਹਵਾਲੇ ਵਿਚ ਦਿੱਤੇ ਜਵਾਬਾਂ ਨੂੰ ਧਿਆਨ ਨਾਲ ਵੇਖੀਏ।

1. ਇਹ ਮੌਕਾ ਇਸ ਸਚਿਆਈ ਨੂੰ ਵਿਖਾਉਂਦਾ ਹੈ ਕਿ *ਯਿਸੂ ਮੌਤ ਦੇ ਪ੍ਰਭਾਵਾਂ ਤੇ ਧਿਆਨ ਦਿੰਦਾ ਹੈ*। ਸਾਡੇ ਘਰਾਂ ਵਿਚ ਮੌਤ ਆ ਜਾਣ ਤੇ ਇਕੱਲਾਪਨ, ਮਾਯੂਸੀ, ਡਰ ਅਤੇ ਅਕਾਰਥਪੁਣਾ ਛਾ ਜਾਂਦੇ ਹਨ।

ਜੈਰੁਸ ਨੂੰ ਇਹ ਦੱਸੇ ਜਾਣ ਤੋਂ ਬਾਅਦ ਕਿ ਉਹਦੀ ਧੀ ਮਰ ਚੁੱਕੀ ਹੈ, ਯਿਸੂ ਨੇ ਉਸ ਨੂੰ ਆਖਿਆ, ''ਨਾ ਡਰ ਕੇਵਲ ਨਿਹਚਾ ਕਰ'' (5:36)। ਸਾਫ਼ ਹੈ ਕਿ ਇਸ ਵਿਚਾਰ ਤੇ ਹੀ ਜੈਰੁਸ ਦੇ ਹੱਥ ਪੈਰ ਫੁੱਲ ਗਏ ਕਿ ਯਿਸੂ ਉਹਦੀ ਧੀ ਨੂੰ ਚੰਗਾ ਕਰਨ ਲਈ ਸਮੇਂ ਸਿਰ ਕਮਰੇ ਵਿਚ ਨਹੀਂ ਜਾ ਸਕਿਆ। ਮੌਤ ਦੇ ਇਸ ਐਲਾਨ ਨਾਲ ਉਹ ਪਰੇਸ਼ਾਨ ਸੀ, ਪਰ ਯਿਸੂ ਨੇ ਉਹਨੂੰ ਦੱਸਿਆ ਕਿ ਡਰਨ ਵਾਲੀ ਕੋਈ ਗੱਲ ਨਹੀਂ ਹੈ। ਡਰ ਇਸੇ ਤਰ੍ਹਾਂ ਨਾਲ ਕਈ ਵਾਰ ਵਿਅਕਤੀ ਉੱਤੇ ਹਾਵੀ ਹੋ ਸਕਦਾ ਹੈ; ਪਰ ਯਿਸੂ ਨੇ ਸਮਝਾਇਆ, ''ਡਰ ਨੂੰ ਆਪਣੇ ਉੱਤੇ ਹਾਵੀ ਨਾ ਹੋਣ ਦੇ, ਕਿਉਂਕਿ ਮੈਂ ਤੇਰੇ ਨਾਲ ਹਾਂ।'' ਯਿਸੂ ਨੇ ਜੈਰੁਸ ਨੂੰ ਉਹ ਵਿਸ਼ਵਾਸ ਵੀ ਯਾਦ ਦੁਆਇਆ ਜਿਹੜਾ ਉਹਨੂੰ ਯਿਸੂ ਕੋਲੋਂ ਮਦਦ ਮੰਗਣ ਲਈ ਉਹਦੇ ਕੋਲ ਲੈ ਆਇਆ ਸੀ। ਉਸ ਨੇ ਉਹਨੂੰ ਸਮਝਾਇਆ, ''ਵਿਸ਼ਵਾਸ ਕਰਦਾ ਰਹਿ।'' ਵਿਸ਼ਵਾਸ ਨੂੰ ਆਪਣੀ ਸੋਚ ਨੂੰ ਬਦਲਣ ਦੇ, ਇਹ ਤੈਨੂੰ ਮੇਰੇ ਕੋਲ ਲੈ ਕੇ ਆਇਆ ਹੈ ਅਤੇ ਮੈਂ ਤੈਨੂੰ ਭਵਿੱਖ ਵਿੱਚ ਲੈ ਜਾਵਾਂਗਾ।''

ਘਰ ਵਿਚ ਪਹੁੰਚ ਕੇ ਯਿਸੂ ਨੇ ਜਦੋਂ ਰੋਣਾ ਕੁਰਲਾਉਣਾ ਸੁਣਿਆ ਤਾਂ ਉਸ ਨੇ ਆਖਿਆ, ''ਕੁੜੀ ਮਰੀ ਨਹੀਂ ਪਰ ਸੁੱਤੀ ਹੋਈ ਹੈ'' (5:39)। ਯਿਸੂ ਨੇ ਇਨ੍ਹਾਂ ਸਬਦਾਂ ਨਾਲ ਪਰਿਵਾਰ ਦੇ ਹੰਝੂ ਪੂੰਝ ਕੇ ਉਨ੍ਹਾਂ ਦੇ ਦੁੱਖ ਨੂੰ ਦੂਰ ਕਰਨਾ ਚਾਹਿਆ। ਆਪਣੀ ਫ਼ਤਹਿਮੰਦ ਜ਼ਿੰਦਗੀ ਨਾਲ ਯਿਸੂ ਮੌਤ ਨੂੰ ਥੋੜ੍ਹੀ ਦੇਰ ਦੀ ਨੀਂਦ ਵਿੱਚ ਬਦਲ ਦਿੰਦਾ ਹੈ। ਸਾਡੇ ਪ੍ਰਭੂ ਦੇ ਚੇਲੇ ਆਖ਼ਰੀ ਵਾਰ ਕਦੇ ''ਅਲਵਿਦਾ'' ਨਹੀਂ ਆਖਦੇ। ਮਸੀਹੀ ਲੋਕ ਇੱਕ ਦੂਜੇ ਨੂੰ ਇਹ ਆਖ ਸਕਦੇ ਹਨ, ''ਜੀਉਂਦੇ ਰਹੇ ਤਾਂ ਇੱਥੇ ਮਿਲਾਂਗੇ, ਮਰ ਗਏ ਤਾਂ ਉੱਤੇ ਮਿਲਾਂਗੇ।''

ਜੀ ਉੱਠਣ ਦੀ ਆਸ ਅਤੇ ਕਬਰ ਤੋਂ ਅੱਗੇ ਜ਼ਿੰਦਗੀ ਇਕੱਲੇਪਨ, ਮਾਯੂਸੀ, ਡਰ ਅਤੇ ਉਸ ਅਕਾਰਥਪੁਣੇ ਨੂੰ ਦੂਰ ਕਰ ਦਿੰਦਾ ਹੈ ਜਿਹੜਾ ਮੌਤ ਦੇ ਕਾਰਣ ਆ ਸਕਦਾ ਹੈ। ਯਿਸੂ ਨੇ ਸਾਨੂੰ ਵਾਅਦਾ ਦਿੱਤਾ ਹੈ ਕਿ ਮੌਤ ਦੀ ਰਾਤ ਉਹ ਸਾਡੇ ਨਾਲ ਰਹੇਗਾ। ਉਹ ਮੌਤ ਦੀ ਸੰਘਣੀ ਛਾਂ ਨੂੰ ਹਮੇਸ਼ਾ ਦੀ ਜ਼ਿੰਦਗੀ ਦੇ ਜਲਾਲੀ ਫ਼ਾਟਕ ਵਿਚ ਬਦਲ ਦਿੰਦਾ ਹੈ। ਉਸ ਨੇ ਸਾਨੂੰ ਭਰੋਸਾ ਦੁਆਇਆ ਹੈ ਕਿ ਖ਼ੁਦਾ ਦੀ ਸਦੀਪਕ ਮੰਸ਼ਾ ਵਿੱਚ ਸਾਡਾ ਹਿੱਸਾ ਬਰਕਰਾਰ ਹੈ, ਕਿਉਂ ਜੋ ਸਾਨੂੰ ਖ਼ੁਦਾ ਦੇ ਸਭ ਤੋਂ ਵੱਡੇ ਮਕਸਦਾਂ ਵਿਚ ਮਿਲਾਇਆ ਗਿਆ ਹੈ। ਅਸੀਂ ਇਸ ਨਾਲੋਂ ਵੀ ਵੱਡੀ ਅਨਾਦੀ ਹਾਲਤ ਵਿੱਚ ਦੁਬਾਰਾ ਮਿਲਾਂਗੇ। ਸਾਡੇ ਉਹਦੇ ਨਾਲ ਸੰਗਤੀ ਵਿੱਚ ਰਹਿਣ ਤੇ ਉਹ ਇਸ ਜ਼ਿੰਦਗੀ ਨੂੰ ਇਸ ਦੀ ਸਹੀ ਭੂਮਿਕਾ ਬਣਾ ਦਵੇਗਾ।

ਯਿਸੂ ਨੇ ਜੈਰੁਸ ਨੂੰ ਸਮਝਾਇਆ ਕਿ ਉਸ ਵਿਚ ਵਿਸ਼ਵਾਸ ਮੌਤ ਦੇ ਪ੍ਰਭਾਵਾਂ ਦਾ ਜਵਾਬ ਹੈ। ਸਾਡਾ ਮੁਕਤੀਦਾਤਾ ਸਿਰਫ਼ ਮੌਤ ਨਾਲ ਹੀ ਨਹੀਂ ਨਜਿੱਠਦਾ ਬਲਕਿ ਇਸ ਤੋਂ ਪਹਿਲਾਂ ਅਤੇ ਬਾਅਦ ਦੇ ਦਰਦਨਾਕ ਹਿੱਸਿਆਂ ਨਾਲ ਸਾਡੀ ਮਦਦ ਵੀ ਕਰਦਾ ਹੈ।

2. ਇਹ ਦ੍ਰਿਸ਼ ਸਾਫ਼ ਤੌਰ ਤੇ ਸਾਨੂੰ ਇਹ ਵਿਖਾਉਂਦਾ ਹੈ ਕਿ *ਯਿਸੂ ਮੌਤ ਦੀ ਘਟਨਾ ਉੱਤੇ ਧਿਆਨ ਦਿੰਦਾ* ਹੈ। ਮੌਤ ਦਾ ਸਾਹਮਣਾ ਸਾਨੂੰ ਇਕੱਲਿਆਂ ਕਰਨ ਦੀ ਲੋੜ ਨਹੀਂ ਹੈ। ਦੁਨਿਆਵੀ ਦੋਸਤ ਹਨੇਰੇ ਵਿੱਚ ਸਾਡੇ ਨਾਲ ਥੋੜ੍ਹੀ ਦੂਰ ਤਕ ਚੱਲ ਸਕਦੇ ਹਨ, ਪਰ ਯਿਸੂ ਅਖ਼ੀਰ ਤਕ ਸਾਡੇ ਨਾਲ ਚੱਲਦਾ ਹੈ। ਪ੍ਰਕਾਸ਼ ਦੀ ਪੋਥੀ ਨੂੰ ਲਿਖਦਿਆਂ, ਯੂਹੰਨਾ ਨੇ ਮੁੱਢਲੇ ਮਸੀਹੀਆਂ ਨੂੰ (ਅਤੇ ਸਾਨੂੰ) ਵਿਖਾਉਣਾ ਚਾਹਿਆ ਕਿ ਮਸੀਹ ਉਨ੍ਹਾਂ ਅਜ਼ਮਾਇਸ਼ਾਂ ਵਿਚ ਜਿਹੜੀਆਂ ਆਉਣ ਵਾਲੀਆਂ ਸਨ, ਮੌਜੂਦ ਹੋਣਾ ਸੀ। ਸਰਬ ਸ਼ਕਤੀਮਾਨ ਮਸੀਹ ਮੌਤ ਵਿਚ ਦੀ ਸਾਡੇ ਨਾਲ ਚੱਲ ਕੇ, ਸਾਨੂੰ ਇਸ ਦੇ ਦੂਜੇ ਪਾਸੇ ਲਿਜਾਣਾ ਚੁਣਦਾ ਹੈ। ਖ਼ੁਦਾ ਨੇ ਕਦੇ ਨਹੀਂ ਚਾਹਿਆ ਕਿ ਅਸੀਂ ਮੌਤ ਦੇ ਰੁਕੇ ਰਹੀਏ; ਉਹ ਸਾਨੂੰ ਇਸ ਵਿੱਚੋਂ ਦੀ ਕੱਢ ਲਿਆਉਂਦਾ ਹੈ ਤਾਂ ਜੋ ਅਸੀਂ ਉਸ ਦੇ ਨਾਲ ਹੋਈਏ। ਸਾਡਾ ਮਹਾਨ ਮੁਕਤੀਦਾਤਾ ਹਰ ਵੇਲੇ ਦੀ ਆਪਣੀ ਸੰਗਤੀ ਨਾਲ, ਸਾਨੂੰ ਹਮੇਸ਼ਾ ਦੀ ਜ਼ਿੰਦਗੀ ਦੇ ਉਸ ਖੁੱਲ੍ਹੇ ਦਰਵਾਜ਼ੇ ਤਕ ਲੈ ਜਾਵੇਗਾ।

ਇਸ ਹਵਾਲੇ ਵਿਚ ਜੀ ਉੱਠਣਾ ਪੂਰਾ ਸੀ, ਜਿਵੇਂ ਕਿ ਜੀ ਉੱਠਣਾ ਹੋਣਾ ਚਾਹੀਦਾ ਹੈ। ਮੌਤ ਦੇ ਕੋਈ ਦਰਜੇ ਨਹੀਂ ਹਨ, ਭਾਵ ਜਾਂ ਤਾਂ ਕੋਈ ਮਰਿਆ ਹੋਇਆ ਹੁੰਦਾ ਹੈ ਜਾਂ ਜ਼ਿੰਦਾ। ਇਸ ਘਟਨਾ

ਵਿੱਚ ਅਸੀਂ ਇਸ ਸਕਾਰਾਤਮਕ ਸਬੂਤ ਵੇਖਦੇ ਹਾਂ ਕਿ ਯਿਸੂ ਕੌਣ ਹੈ। ਜੇ ਉਹ ਮੁਰਦਿਆਂ ਨੂੰ ਜ਼ਿੰਦਾ ਨਾ ਕਰ ਸਕਦਾ ਤਾਂ ਉਹਦੇ ਵਿਚ ਸਚਮੁਚ ਚਮਤਕਾਰ ਕਰਨ ਦੀ ਸਮਰੱਥਾ ਨਹੀਂ ਹੋਣੀ ਸੀ; ਉਹਦੀ ਸਮਰੱਥਾ ਅਸੀਮ ਹੈ, ਇਸ ਕਰਕੇ ਉਹ ਮੌਤ ਨੂੰ ਵੀ ਹੁਕਮ ਦੇ ਸਕਦਾ ਹੈ। ਯਿਸੂ ਦੇ ਇਸ ਕੁੜੀ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰਨ ਨਾਲ, ਇਕ ਅਰਥ ਵਿਚ ਯਿਸੂ ਨੇ ਖ਼ੁਦਾ ਦੇ ਮੁਕਾਸ਼ਫ਼ੇ ਨੂੰ ਪੂਰਾ ਕੀਤਾ। ਇਸ ਸਬੂਤ ਨਾਲ, ਲਾਜਵਾਬ ਢੰਗ ਨਾਲ ਉਹਦੇ ਖ਼ੁਦਾ ਹੋਣ ਦੀ ਸਚਿਆਈ ਦੱਸੀ ਗਈ। ਉਹ ਸਬੂਤ ਇਹ ਵੀ ਦੱਸਦਾ ਹੈ ਕਿ ਇਕੱਲਾ ਯਿਸੂ ਹੀ ਹੈ ਜਿਹੜਾ ਮੌਤ ਦੀ ਘਟਨਾ ਨਾਲ ਨਜਿੱਠ ਸਕਦਾ ਹੈ।

3. ਇਸ ਦ੍ਰਿਸ਼ ਵਿਚ ਭਾਂਵੇਂ ਸਾਫ਼ ਸੰਕੇਤ ਨਹੀਂ ਦਿੱਤਾ ਗਿਆ, *ਪਰ ਯਿਸੂ ਮੌਤ ਦੇ ਵਜੂਦ ਨਾਲ ਨਜਿੱਠਦਾ ਹੈ*। ਪ੍ਰਕਾਸ਼ ਦੀ ਪੋਥੀ 1:18 ਵਿਚ ਵਿਖਾਈ ਗਈ ਤਸਵੀਰ ਵਿਚ ਯਿਸੂ ਨੂੰ ਆਪਣੇ ਹੱਥਾਂ ਵਿਚ ਮੌਤ ਅਤੇ ਪਤਾਲ ਦੀਆਂ ਕੁੰਜੀਆਂ ਫੜ੍ਹੀ ਵਿਖਾਇਆ ਗਿਆ ਹੈ। ਉਹੀ ਹੈ ਜਿਹੜਾ ਮੌਤ ਦੇ ਵਜੂਦ ਦਾ ਕੁਝ ਕਰ ਸਕਦਾ ਹੈ। ਇਹ ਤੱਥ ਕਿ ਉਹਨੇ ਇਸ ਦ੍ਰਿਸ਼ ਵਿੱਚੋਂ ਮੌਤ ਨੂੰ ਕੱਢ ਦਿੱਤਾ ਸਾਡੇ ਧਿਆਨ ਵਿਚ ਉਹਦੇ ਮੌਤ ਦੀ ਹਕੀਕਤ ਨੂੰ ਮਿਟਾ ਦੇਣ ਦੀ ਜਲਾਲੀ ਸੰਭਾਵਨਾ ਨੂੰ ਵਿਖਾਉਂਦਾ ਹੈ। ਸਾਨੂੰ ਦੱਸਿਆ ਜਾਂਦਾ ਹੈ ਕਿ ਇੱਕ ਦਿਨ ਉਹ ਸਾਡੇ ਸਾਰਿਆਂ ਲਈ ਉਹੀ ਕਰੇਗਾ ਜੋ ਉਸ ਨੇ ਇਸ ਬੱਚੀ ਲਈ ਕੀਤਾ।

ਇਸ ਸਚਿਆਈ ਨੂੰ ਇੰਜੀਲ ਦੇ ਵਿਰਤਾਂਤਾਂ ਵਿਚ ਵਿਖਾਇਆ ਗਿਆ ਹੈ। ਯਿਸੂ ਨੂੰ ਉਹ ਦੱਸਿਆ ਗਿਆ ਹੈ ਜਿਹੜਾ ਸਾਨੂੰ ਕਬਰ ਤੋਂ ਅੱਗੇ ਉਮੀਦ ਦੁਆਉਂਦਾ ਹੈ। ਯੂਹੰਨਾ 5:28, 29 ਵਿਚ, ਉਹਨੇ ਸਾਡੇ ਲਈ ਭਵਿੱਖ ਦੇ ਵੱਡੇ ਹਿੱਸੇ ਨੂੰ ਵਿਖਾਇਆ। ਉਸ ਨੇ ਆਖਿਆ,

> ਇਸ ਨੂੰ ਅਚਰਜ ਨਾ ਜਾਣੋ ਕਿਉਂਕਿ ਉਹ ਘੜੀ ਆਉਂਦੀ ਹੈ ਜਿਸ ਦੇ ਵਿਚ ਓਹ ਸਭ ਜਿਹੜੇ ਕਬਰਾਂ ਵਿਚ ਹਨ ਉਹਦੀ ਅਵਾਜ਼ ਸੁਣਨਗੇ ਅਤੇ ਨਿੱਕਲ ਆਉਣਗੇ। ਜਿਨ੍ਹਾਂ ਨੇ ਭਲਿਆਈ ਕੀਤੀ ਹੈ ਸੋ ਜੀਉਣ ਦੀ ਕਿਆਮਤ ਲਈ ਅਰ ਜਿਨ੍ਹਾਂ ਨੇ ਬੁਰਿਆਈ ਕੀਤੀ ਹੈ ਉਹ ਨਿਆਉਂ ਦੀ ਕਿਆਮਤ ਲਈ।

ਯਿਸੂ ਦੇ ਜੈਰੁਸ ਦੀ ਬੇਟੀ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰਨ ਦੀ ਤਸਵੀਰ ਇਹ ਸਾਬਤ ਕਰਦੀ ਹੈ ਕਿ ਅੰਤ ਦੇ ਸਮੇਂ ਵਿਚ ਉਹ ਸਾਨੂੰ ਸਾਰਿਆਂ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰ ਸਕਦਾ ਹੈ (ਅਤੇ ਕਰੇਗਾ) । ਇਹ ਸਾਨੂੰ ਦਿੱਤਾ ਗਿਆ ਉਸ ਦਾ ਬਹੁਤ ਵੱਡਾ ਵਾਅਦਾ ਹੈ।

ਉਹ ਆਖ਼ਰੀ ਦਿਨ, ਭਾਵ ਜੀ ਉੱਠਣ ਦਾ ਦਿਨ ਆਵੇਗਾ। ਸਭ ਮੁਰਦਿਆਂ ਨੂੰ ਜ਼ਿੰਦਾ ਕਰ ਦੇਣ ਤੋਂ ਬਾਅਦ, ਯਿਸੂ ਮੌਤ ਨੂੰ ਖ਼ਤਮ ਕਰੇਗਾ। ਪੌਲੁਸ ਨੇ ਲਿਖਿਆ ਕਿ ਸਮੇਂ ਦੇ ਅਖ਼ੀਰ ਵਿਚ, ‘‘ਮੌਤ ਫ਼ਤਹਿ ਦੀ ਬੁਰਕੀ’’ ਹੋ ਜਾਵੇਗੀ। ਕਿੰਨੀ ਵੱਡੀ ਖਬਰ ਹੈ! ਉਹਨੇ ਇਹ ਵੀ ਆਖਿਆ ਕਿ ‘‘ਉਹਦੇ ਮਗਰੋਂ ਅੰਤ ਹੈ। ਤਦ ਯਿਸੂ ਰਾਜ ਨੂੰ ਪਰਮੇਸ਼ੁਰ ਅਤੇ ਪਿਤਾ ਦੇ ਹੱਥ ਸੌਂਪ ਦੇਵੇਗਾ ਜਦ ਉਹ ਨੇ ਹਰੇਕ ਹਕੂਮਤ ਅਤੇ ਹਰੇਕ ਇਖ਼ਤਿਆਰ ਅਤੇ ਕੁਦਰਤ ਨੂੰ ਨਾਸ ਕਰ ਦਿੱਤਾ ਹੋਵੇਗਾ’’ (1 ਕੁਰਿੰਥੀਆਂ 15:24–26)। ਹਾਂ ਇੱਕ ਦਿਨ ਆਉਣ ਵਾਲਾ ਹੈ ਜਿਸ ਵਿੱਚ ਯਿਸੂ ਮੌਤ ਦਾ ਵਜੂਦ ਹਮੇਸ਼ਾ ਲਈ ਮਿਟਾ ਦਏਗਾ। ਮੌਤ ਇਕ ਦਿਨ ਮਰਨ ਵਾਲੀ ਹੈ।

*ਨਿਚੋੜ:* ਇਸ ਦ੍ਰਿਸ਼ ਨੂੰ ਆਪਣੇ ਉੱਤੇ ਲਾਗੂ ਕਰਕੇ ਸਾਨੂੰ ਇਹ ਮੰਨਣਾ ਜ਼ਰੂਰੀ ਹੈ ਕਿ ਯਿਸੂ ਸਾਨੂੰ ਮੌਤ ਤੋਂ ਛੁੜਾ ਸਕਦਾ ਹੈ। ਜੇ ਅਸੀਂ ਉਸ ਨਾਲ ਸਹਿਮਤ ਹੋ ਜਾਈਏ, ਤਾਂ ਉਹ ਸਾਡੇ ਨਾਲ ਕੀਤੇ ਵਾਅਦੇ ਪੂਰੇ ਕਰੇਗਾ।

ਸਾਡੇ ਸਭ ਤੋਂ ਵੱਡੇ ਮੁਕਤੀਦਾਤੇ ਯਿਸੂ ਨੇ ਸਾਡੀਆਂ ਸਭ ਤੋਂ ਵੱਡੀਆਂ ਲੋੜਾਂ ਨੂੰ ਵੇਖਿਆ। ਉਹਨੇ ਸਾਨੂੰ ਪਾਪ, ਅਕਾਰਥਪੁਣੇ ਅਤੇ ਮੌਤ ਤੋਂ ਛੁੜਾਇਆ। ਸਲੀਬ ਦੇ ਰਾਹੀਂ ਉਹ ਹਰ ਪਾਪ ਲਈ, ਹਰ ਵਿਅਕਤੀ ਲਈ, ਹਰ ਉਮਰ ਲਈ ਮਰ ਕੇ ਹਮੇਸ਼ਾ ਲਈ ਸਾਡਾ ਪਾਪ ਚੁੱਕਣ ਵਾਲਾ ਬਣ ਗਿਆ।

ਭਰਪੂਰੀ ਦੇ ਆਪਣੇ ਵੱਡੇ ਡਿਜ਼ਾਇਨ ਨਾਲ, ਜ਼ਿੰਦਗੀ ਵਿਚ ਸਾਨੂੰ ਇਕ ਟੀਚਾ ਦਿੱਤਾ ਹੈ ਜਿਹੜਾ ਜੀਉਣ ਦੇ ਹੋਰ ਸਾਰੇ ਤਰੀਕਿਆਂ ਤੋਂ ਵੱਧ ਹੈ। ਯਿਸੂ ਆਪ ਲਹੂ ਅਤੇ ਮਾਸ ਵਿਚ ਸਾਂਝੀ ਹੋਇਆ ''ਤਾਂ ਜੋ ਮੌਤ ਦੇ ਰਾਹੀਂ ਉਹ ਉਸ ਨੂੰ ਜਿਹ ਦੇ ਵੱਸ ਵਿਚ ਮੌਤ ਹੈ ਅਰਥਾਤ ਸ਼ਤਾਨ ਨੂੰ ਨਾਸ ਕਰੇ'' ਅਤੇ ਉਨ੍ਹਾਂ ਲੋਕਾਂ ਨੂੰ ਛੁਡਾਉਣ ਜਿਹੜੇ ਸਾਰੀ ਉਮਰ ਮੌਤ ਦੇ ਡਰ ਕਾਰਣ ਗੁਲਾਮੀ ਵਿੱਚ ਸਨ (ਇਬਰਾਨੀਆਂ 2:14, 15)।

ਇੱਕ ਸਵਾਲ ਜਿਹੜਾ ਰਹਿ ਜਾਂਦਾ ਹੈ ਉਹ ਇਹ ਹੈ ਕਿ ਭਲਾ ਸਾਡੀ ਮੌਤ ਬੁੱਤਪ੍ਰਸਤਾਂ ਦੇ ਰੂਪ ਵਿਚ ਹੋਵੇਗੀ ਜਿਹੜੇ ਹਮੇਸ਼ਾ ਲਈ ਮੌਤ ਦੇ ਹਨੇਰੇ ਵਿਚ ਉੱਤਰ ਜਾਂਦੇ ਹਨ, ਜਾਂ ਸਾਡੀ ਮੌਤ ਯਿਸੂ ਦੀ ਗੋਦ ਵਿਚ ਹਮੇਸ਼ਾ ਦੀ ਜ਼ਿੰਦਗੀ ਵਿਚ ਜੀ ਉੱਠਣ ਵਾਸਤੇ ਹੋਵੇਗੀ? ਇੰਜੀਲ ਸਾਨੂੰ ਫ਼ੈਸਲਾ ਲੈਣ ਲਈ ਆਖਦੀ ਹੈ।

---

ਟਿਪਣੀਆਂ

[1]ਸਮਾਨਾਂਤਰ ਵਿਰਤਾਂਤ ਮੱਤੀ 8:28–34 ਅਤੇ ਲੂਕਾ 8:26–39 ਵਿਚ ਹਨ। [2]ਦੇਖੋ ਮੱਤੀ 4:24; 8:16; 10:8; ਮਰਕੁਸ 1:32, 34; 6:13; 16:17, 18; ਲੂਕਾ 4:40, 41; 9:1, 37–43; 11:14–22; 13:32; ਕਰਤੱਬ 19:12. [3]ਇਸ ਇਲਾਕੇ ਨੂੰ ਪ੍ਰਾਚੀਨ ਵਿਚ ਵੱਖੋ–ਵੱਖ ਨਾਂਵਾਂ ਨਾਲ ਜਾਨਿਆ ਜਾਂਦਾ ਸੀ। ਵਿਲੀਅਮ ਹੈਂਡ੍ਰਿਕਸਨ ਨੇ ਲਿਖਿਆ, ''ਜੇ ਇਹ ਮੰਨ ਲਿਆ ਜਾਵੇ ਕਿ ਮੁੱਖ ਤੌਰ 'ਤੇ ਸਮੁੰਦਰ ਤੋਂ ਕੁਝ ਮੀਲ ਦੱਖਣ–ਪੂਰਬ ਵੱਲ ਹੈ ਪਰ ਸਮੁੰਦਰ ਦੇ ਕੰਢੇ ਕੰਢੇ ਦੂਰ ਤਕ ਫੈਲਿਆ ਇਹ ਵੱਡਾ ਸ਼ਹਿਰ ਗਦਾਰਾ ..., ਜੋ ਕਿ ਪੂਰੇ ਜ਼ਿਲ੍ਹੇ ਦੀ ਰਾਜਧਾਨੀ ਸੀ ਜਿਸ ਵਿਚ ਖੇਰਸ ਆਉਂਦਾ ਸੀ, ਵੱਖ–ਵੱਖ ਭੂਗੋਲਿਕ ਨਾਂਵਾਂ ਦਾ ਮਤਲਬ ਸਮਝ ਆਉ ਲਗਦਾ ਹੈ। ਇਸ ਤੋਂ ਇਲਾਵਾ, ਕਫ਼ਰਨਾਹੂਮ ਦੇ ਦੱਖਣ–ਪੂਰਬ ਵਿਚ ਲਗਭਗ ਛੇ ਮੀਲ ਦੂਰ ਤਿਰਛੇ (ਸਮੁੰਦਰ ਦੇ ਉੱਪਰ) ਪੂਰਬੀ ਕੰਢੇ 'ਤੇ ਵੱਸੇ ਖੇਰਸ ਵਿਚ, ਅਸਲ ਵਿਚ ਪਾਣੀ ਦੇ ਕੰਢੇ ਨਾਲ ਲਗਦੀ ਤਿੱਖੀ ਪਹਾੜੀ ਹੈ। ਬਹੁਤ ਸਾਰੀਆਂ ਗੁਫ਼ਾਵਾਂ ਵੀ ਹਨ–ਜੋ ਅੱਜ ਵੀ ਹਨ, ਸਾਫ਼ ਤੌਰ ਤੇ ਕਬਰਾਂ ਲਈ ਢੁਕਵੀਆਂ ਹਨ'' (ਵਿਲੀਅਮ ਹੈਂਡ੍ਰਿਕਸਨ, *ਐਕਸਪੋਜ਼ਿਸ਼ਨ ਆਫ਼ ਦ ਗੌਸਪਲ ਅਕਾਰਡਿੰਗ ਟੂ ਮਾਰਕ*, ਨਿਊ ਟੈਸਟਾਮੈਂਟ ਕਮੈਂਟਰੀ [ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1975], 187–88)। [4]*ਦ ਜ਼ੌਂਡਰਵਨ ਪਿਕਟੋਰੀਅਲ ਬਾਈਬਲ ਡਿਕਸ਼ਨਰੀ*, ਸੰਪਾ. ਮੈਰਿਲ ਸੀ. ਟੈਨੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1963), 293 ਵਿਚ ਆਰਥਰ ਐਮ. ਰੌਸ, ''ਗਦਾਰਾ, ਗਦਰੇਨੀਸ।'' [5]ਇਹ ਸ਼ਬਦ ਲੰਡਨ ਦੇ ਸੇਂਟ ਮੇਰੀ ਹੌਸਪੀਟਲ ਆਫ਼ ਬੈਥਲਹੇਮ ਦੇ ਨਾਮ ਤੋਂ ਲਿਆ ਗਿਆ ਹੈ। ਇਸ ਹਸਪਤਾਲ ਦਾ ਨਾਮ ''ਬੈਥਲੇਮ'' ਸੀ ਅਤੇ ਬਾਅਦ ਵਿਚ ''ਬੈਡਲੇਮ'' ਬਣ ਗਿਆ। 1600 ਦੇ ਅਖੀਰ ਤਕ ਕਥਿਤ ਪਾਗਲਾਂ ਨੂੰ ਉੱਥੇ ਰੱਖਿਆ ਜਾਂਦਾ ਸੀ। [6]1841 ਵਿਚ ਅਲੈਗਜ਼ੈਂਡਰ ਕੈਂਪਬੈਲ ਨੇ ''ਡੀਮਨੋਲੋਜੀ''(ਭੂਤ ਵਿੱਦਿਆ) ਤੇ ਲੈਕਚਰ ਦਿੱਤਾ, ਜਿਸ ਵਿਚ ਉਨ੍ਹਾਂ ਨੇ ਮੰਨਿਆ ਕਿ ਭੂਤ ਮਰ ਚੁਕੇ ਲੋਕਾਂ ਦੀਆਂ ਰੂਹਾਂ ਹੁੰਦੀਆਂ ਹਨ। 10 ਮਾਰਚ, 1841 ਨੂੰ ਨੈਸ਼ਵਿਲ, ਪੌਪੁਲਰ ਲੈਕਚਰ ਕਲੱਬ ਨੂੰ ਟੈਨਿਸੀ ਨੂੰ ਦਿੱਤੇ ਗਏ ਉਸ ਭਾਸ਼ਣ ਦਾ ਪਾਠ, *ਦ ਮਿਲੇਨਿਅਲ ਹਾਰਬਿੰਗਰ*, ਨਿਊ ਸੀਰੀਜ਼, ਵੌਲਿਅਮ 5 ਵਿਚ ਛਪਿਆ ਸੀ। (ਅਕਤੂਬਰ 1841): 457–80. [7]ਭੂਤਾਂ ਦਾ ਇੱਥੇ ਦਿੱਤਾ ਗਿਆ ਵਿਚਾਰ ਐਵਰੇਟ ਫਰਗਿਯੂਸਨ, *ਅਰਲੀ ਕ੍ਰਿਸਚਿਅੰਜ਼ ਸਪੀਕ: ਫ਼ੇਥ ਐਂਡ ਲਾਈਫ ਇਨ ਦ ਫ਼ਸਟ ਥ੍ਰੀ ਸੈਂਚਰੀਜ਼,* ਜਿਲਦ 2 (ਅਬਿਲੇਨ, ਟੈਕਸਸ: 13'' ਪ੍ਰੈਸ, 2002), 135–53 ਤੇ ਅਧਾਰਿਤ ਹੈ। [8]*ਦ ਜ਼ੌਂਡਰਵਨ ਪਿਕਟੋਰੀਅਲ ਬਾਈਬਲ ਡਿਕਸ਼ਨਰੀ,* ਸੰਪਾ. ਮੈਰਿਲ ਸੀ. ਟੈਨੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1963), 213 ਵਿਚ ਮੇਰਿਲ ਐੱਫ਼. ਅੰਗਰ, ''ਡੀਮਨਜ਼।'' [9]ਅਸੀਂ ਉਸ ਦੇ ਸਰੀਰ ਵਿਚ ਵਹਿਣ ਵਾਲੇ ਖ਼ੂਨ ਦੇ ਤੇਜ਼ ਦੌਰੇ

ਨਾਲ ਮਿਲਾ ਸਕਦੇ ਹਾਂ ਜਿਸ ਨਾਲ ਇਕ ਆਮ ਆਦਮੀ ਕਿਸੇ ਹੋਰ ਨਾਲੋਂ ਭਾਰੀ ਚੀਜ਼ ਚੁੱਕ ਸਕਦਾ ਹੈ। [10] ਕਈ ਲੋਕ ਇਹ ਕਿਆਸ ਲਾਉਂਦੇ ਹਨ ਕਿ ਮਰਕੁਸ ਰੋਮੀਆਂ ਲਈ ਲਿਖ ਰਿਹਾ ਸੀ ਅਤੇ ਰੋਮੀ ਲੋਕ ਭੂਤ ਚੰਬੜੇ ਹੋਣ ਨੂੰ ਯਹੂਦੀਆਂ ਦਾ ਵਿਚਾਰ ਮੰਨਦੇ ਸਨ, ਇਸ ਕਰਕੇ ਦੋਹਾਂ ਲਈ ਆਪਣੇ ਪਾਠਕਾਂ ਨੂੰ ਸਮਝਾਉਣ ਦੀ ਲੋੜ ਨਹੀਂ ਸੀ। ਯੂਨਾਨੀ ਲੋਕ ਵੀ ਭੂਤਾਂ ਨੂੰ ਮੰਨਦੇ ਸਨ, ਜਿਸਦੀ ਝਲਕ ਪਲੈਟੋ *ਕ੍ਰੈਟੀਲੁਸ* 9.398ਬੀ ਵਿਚ ਸੁਕਰਾਤ ਅਤੇ ਹਰਮੋਜੀਨਸ ਵਿਚਲੀ ਚਰਚਾ ਵਿਚ ਮਿਲਦੀ ਹੈ।

[11]ਜੇ ''ਅਥਾਹ ਕੁੰਡ'' ਵਿਚ ਸੁੱਟਿਆ ਜਾਂਦਾ ਹੈ, ਤਾਂ ਫਿਰ ਪਤਾਲ ਆਖ਼ਰੀ ਨਿਆਂ ਦੇ ਹੋਣ ਤਕ ਰਹੇਗਾ, ਜਦੋਂ ਉਨ੍ਹਾਂ ਨੂੰ ਹਮੇਸ਼ਾ ਹਮੇਸ਼ਾ ਲਈ ਅੱਗ ਦੀ ਝੀਲ ਵਿਚ ਸੁੱਟੇ ਜਾਣ ਦੀ ਸਜ਼ਾ ਮਿਲੇਗੀ। [12]ਪਰਕਾਸ਼ ਦੀ ਪੋਥੀ 7:4 ਵਿਚ ''ਇਸਰਾਏਲ ਦੇ ਵੰਸ ਦੇ ਸਭਨਾਂ ਗੋਤਾਂ ਉੱਤੇ ਮੋਹਰ ਲੱਗੀ'' ਖ਼ੁਦਾ ਦੀ ਸਭ ਸੰਤਾਨ ਲਈ ਕਿਹਾ ਗਿਆ ਹੈ। [13]ਯਹੂਦੀਆਂ ਦਾ ਮੰਨਣਾ ਸੀ ਕਿ ਕਿਸੇ ਭੂਤ ਦੇ ਨਾਮ ਦਾ ਪਤਾ ਹੋਣ ਨਾਲ ਉਹਦੇ ਉੱਤੇ ਇਖ਼ਤਿਆਰ ਮਿਲ ਜਾਂਦਾ ਹੈ। ਬਾਈਬਲ ਵਿਚ ਕਿਸੇ ਦਾ ''ਨਾਮ'' ਤੋਂ ਭਾਵ ਉਹਦੀ ਪੂਰੀ ਸ਼ਖ਼ਸੀਅਤ ਹੈ। ਇਹ ਨਾਂਅ ਦਿੱਤਾ ਜਾਣ ਦਾ ਅਰਥ ਭੂਤ ਦੇ ਸੁਭਾਅ ਦੀ ਕੋਈ ਗੱਲ ਹੋ ਸਕਦਾ ਹੈ। ਪਰ ਇਸ ਨਾਲ ਯਹੂਦੀ ਮਾਨਤਾ ਨੂੰ ਪ੍ਰਵਾਨਗੀ ਦੇਣ ਵਾਲੀ ਕੋਈ ਗੱਲ ਨਹੀਂ ਹੈ ਕਿ ਕਿਸੇ ਭੂਤ ਨੂੰ ਕੱਢਣ ਲਈ ਯਿਸੂ ਲਈ ਉਹਦੇ ਨਾਂਅ ਨੂੰ ਜਾਣਨਾ ਜ਼ਰੂਰੀ ਹੁੰਦਾ ਸੀ। ਇਹ ਕਹਿਣਾ ਕਿ ਇਹ ਜ਼ਰੂਰੀ ਸੀ, ਯਿਸੂ ਦੀ ਸਮਰੱਥਾ ਨੂੰ ਜਾਦੂ ਟੂਣਾ ਕਰਨ ਵਾਲੇ ਯਹੂਦੀਆਂ ਨਾਲ ਮਿਲਾ ਦਵੇਗਾ (ਵੇਖੋ ਕਰਤੱਬ 19:13–17)। ਕਈਆਂ ਦਾ ਮੰਨਣਾ ਹੈ ਕਿ ਯਿਸੂ ਆਪਣੇ ਚੇਲਿਆਂ ਨੂੰ ਦੱਸਣਾ ਚਾਹ ਰਿਹਾ ਸੀ ਕਿ ਉਨ੍ਹਾਂ ਦਾ ਪਾਲ਼ਾ ਬਹੁਤ ਸਾਰੇ ਭੂਤਾਂ ਨਾਲ ਪੈ ਰਿਹਾ ਸੀ ਨਾ ਕਿ ਸਿਰਫ਼ ਇੱਕੋ ਭੂਤ ਨਾਲ। ਸ਼ਾਇਦ ਯਿਸੂ ਨੇ ਹਰ ਕਿਸੇ ਨੂੰ ਆਦਮੀ ਦੀ ਗੰਭੀਰ ਸਥਿਤੀ ਅਤੇ ਬੁਰਿਆਈ ਬਾਰੇ ਦੱਸਣਾ ਚਾਹਿਆ। [14]ਹੈਂਡ੍ਰਿਕਸਨ, 19, ਐਨ. 5ਸੀ.; ਵੇਖੋ 5:13; 6:7, 40; 14:30. [15]ਜੌਹਨਸਨ ਓਟਮੈਨ, ''ਵ੍ਹੇਨ ਅਪਾਨ ਲਾਈਫ਼'ਜ਼ ਬਿੱਲੋਜ਼'' *ਸੌਂਗਜ਼ ਆਫ਼ ਫ਼ੇਥ ਐਂਡ ਪ੍ਰੇਜ਼,* ਸੰਕ. ਅਤੇ ਸੰਪਾ. ਆਲਟਨ ਐੱਚ. ਹਾਵਰਡ (ਵੈਸਟ ਮੋਨਰੋ, ਲੁਇਸਿਆਨਾ: ਹਾਵਰਡ ਪਬਲੀਸ਼ਿੰਗ ਕੰ., 1994)। (ਹਿੰਦੀ ਅਨੁਵਾਦ ''ਗਿਨੋ ਸਾਰੀ ਬਰਕਤ''– ਅਨੁਵਾਦਕ)। [16]''ਉਸ ਆਦਮੀ ਨੂੰ ਅਤੇ ਉਹਦਾ ਸੰਦੇਸ਼ ਸੁਣਨ ਵਾਲੇ ਹਰ ਕਿਸੇ ਨੂੰ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਯਹੋਵਾਹ ਉਨ੍ਹਾਂ ਦੇ ਦੇਸ਼ ਵਿਚ ਆਇਆ ਹੈ ਅਤੇ ਉਹਨੇ ਆਪਣੇ ਸੇਵਕ ਯਿਸੂ ਦੇ ਰਾਹੀਂ ਇਹ ਵੱਡਾ ਕੰਮ ਕੀਤਾ ਹੈ, ''ਭਾਵੇਂ ਖ਼ੁਦਾ ਦਾ ਨਾਂਅ ਕਾਫ਼ਰਾਂ ਨੂੰ ਦੱਸਿਆ ਜਾਣਾ ਹੈ ... ਇਸ ਤਰ੍ਹਾਂ ਯਿਸੂ ਨੇ ਆਪਣੇ ਪਿੱਛੇ ਇਕ ਮਿਹਨਤੀ ਪ੍ਰਚਾਰਕ ਨੂੰ ਛੱਡ ਦਿੱਤਾ'' (ਆਰ. ਸੀ. ਐਚ. ਲੈਂਸਕੀ, *ਦ ਇੰਟ੍ਰਪਿਟੇਸ਼ਨ ਆਫ਼ ਸੇਂਟ ਮਾਰਕ ਆਫ਼ ਗੌਸਪਲ* [ਮਿਨਿਆਪੋਲਿਸ: ਆਗਸਬਰਗ ਪਬਲੀਸ਼ਿੰਗ ਹਾਊਸ, 1946], 216–17)। [17]*ਨੈਚੁਰਲ ਹਿਸਟਰੀ* 5.16 ਵਿਚ ਦਸ ਸ਼ਹਿਰਾਂ ਦੀ ਸੂਚੀ ਦੇਣ ਵਾਲਾ ਪਹਿਲਾ ਇਤਿਹਾਸਕਾਰ ਪਲਿਨੀ ਦ ਐਲਡਰ (ਈ. 23–79) ਸੀ; ਉਸਨੇ ਅਬਿਲਾ ਦੀ ਬਜਾਇ ਰੇਫਾਨਾ ਨੂੰ ਸ਼ਾਮਲ ਕੀਤਾ। ''ਦਿਕਾਪੁਲਿਸ ਦੀਆਂ ਬਾਅਦ ਦੀਆਂ ਗਣਨਾਵਾਂ ਵਿਚ ਅਠਾਰਾਂ ਸ਼ਹਿਰਾਂ ਨੂੰ ਸੂਚੀਬੱਧ ਕੀਤਾ ਗਿਆ ਹੈ, ਜਿਸ ਵਿਚ ਭੂਗੋਲ–ਵਿਗਿਆਨੀ ਟਾਲਮੀ ਵੀ ਸ਼ਾਮਲ ਹੈ, ਜਿਸਨੇ ਰੇਫਾਨਾ ਦੀ ਥਾਂ ਅਬਿਲਾ ਕਰ ਦਿੱਤਾ'' (*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ*, ਸੋਧਿਆ ਅੰਕ, ਸੰਪਾ. ਜੈਫ਼ਰੀ ਡਬਲਯੂ. ਬ੍ਰੋਮਿਲੇ [ਗ੍ਰੈਂਡ ਰੈਪਿਡਸ, ਮਿਸ਼ਿਗਨ ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ. 1979], 1:908 ਵਿਚ ਵਿਕਟਰ ਪੀ. ਹੈਮਿਲਟਨ, ''ਡੇਕਾਪੋਲਿਸ।'' [18]ਸਮਾਨਾਂਤਰ ਵਿਰਤਾਂਤ ਮੱਤੀ 9:1, 18, 19 ਅਤੇ ਲੂਕਾ 8:40–42 ਵਿਚ ਹਨ। ਜੈਰੁਸ ਦੀ ਧੀ ਦੇ ਜ਼ਿੰਦਾ ਕੀਤੇ ਜਾਣ ਦੀ ਪੂਰੀ ਕਹਾਣੀ ਮਰਕੁਸ 5:21–43 ਵਿਚ ਮਿਲਦੀ ਹੈ। [19]ਸਮਾਨਾਂਤਰ ਵਿਰਤਾਂਤ ਮੱਤੀ 9:20–22 ਅਤੇ ਲੂਕਾ 8:43–48 ਵਿਚ ਹਨ। [20]ਭਲਾ ਔਰਤ ਵੱਲੋਂ ਉਸ ਨੂੰ ਛੂਹੇ ਜਾਣ ਨਾਲ ਯਿਸੂ ਅਸ਼ੁੱਧ ਹੋ ਗਿਆ ਸੀ? ਯਿਸੂ ਦੇ ਨਾਲ ਲੱਗਣ ਨਾਲ ਤਾਂ ਕੋਈ ਸ਼ੁੱਧ ਹੋ ਸਕਦਾ ਸੀ, ਪਰ ਯਿਸੂ ਉਸ ਤੋਂ ਅਸ਼ੁੱਧ ਨਹੀਂ ਹੋ ਸਕਦਾ ਸੀ; ਇਸ ਕਰਕੇ ਯਿਸੂ ਨੂੰ ਛੂਹਣ ਦੇ ਨਾਲ ਉਹ ਅਸ਼ੁੱਧ ਨਹੀਂ ਰਹੀ।

[21]ਕੁਝ ਹੱਥਲਿਖਤਾਂ ਵਿਚ ''ਆਪਣਾ ਸਭ ਕੁਝ ਖ਼ਰਚ ਕਰ ਦਿੱਤਾ ਸੀ'' ਨਹੀਂ ਮਿਲਦਾ, ਜੋ ਕਿ ਸ਼ਾਇਦ ਵੈਦਾਂ

ਨੂੰ ਸ਼ਰਮਿੰਦਗੀ ਤੋਂ ਬਚਾਉਣ ਲਈ ਹੈ। [22]ਬੇਬੀਲੋਨੀਅਨ ਤਾਲਮੁਡ *ਸ਼ਬਾਥ* 110ਬੀ. [23]ਯਿਸੂ ਨੇ ਚੰਗਿਆਈ ਇੱਕੋ ਹੀ ਚਰਣ ਵਿਚ ਦੇ ਦਿੱਤੀ (ਮਰਕੁਸ 8:22–26)। [24]ਵੇਖੋ ਮਾਰਟੇਲ ਪੇਸ, *ਹਿਬਰੂਜ਼,* ਟਰੁੱਥ ਫ਼ਾਰ ਟੁਡੇ ਕਮੈਂਟਰੀ ਸੀਰੀਜ਼ (ਸਰਸੀ, ਆਰਕੈਂਸਾ: ਰਿਸੋਰਸ ਪਬਲੀਕੇਸ਼ੰਜ਼, 2007), 567. [25]ਸਮਾਨਾਂਤਰ ਵਿਰਤਾਂਤ ਮੱਤੀ 9:23–26 ਅਤੇ ਲੂਕਾ 8:49–56 ਵਿਚ ਹਨ। [26]ਜੈਰਸ ਦੀ ਨਿਹਚਾ ਸ਼ਾਇਦ ਸੂਬੇਦਾਰ ਦੀ ਨਿਹਚਾ ਜਿੰਨੀ ਨਹੀਂ ਸੀ ਜਿਹਦਾ ਇਹ ਮੰਨਣਾ ਸੀ ਕਿ ਜੇ ਯਿਸੂ ਦੂਰੋਂ ਹੀ ਕਹਿ ਦੇਵੇ ਤਾਂ ਉਹਦਾ ਸੇਵਕ ਚੰਗਾ ਹੋ ਜਾਏ ਤਾਂ ਉਹ ਚੰਗਾ ਹੋ ਜਾਵੇਗਾ (ਮੱਤੀ 8:5–13)। [27]ਥਿਓਕ੍ਰਿਟਸ *ਆਇਡੀਲ* 4. [28]ਵਿਲੀਅਮ ਬਾਰਕਲੇ, *ਦ ਗੌਸਪਲ ਆਫ਼ ਮਾਰਕ,* ਜਿਲਦ ਦੂਜੀ, ਦ ਡੇਲੀ ਸਟੱਡੀ ਬਾਈਬਲ (ਫਿਲਾਡੇਲਫੀਆ: ਵੈਸਟਮਿੰਸਟਰ ਪ੍ਰੈਸ, 1956), 135. [29]ਵੇਖੋ ਬਿਵਸਥਾ ਸਾਰ 17:6; 19:15; 2 ਕੁਰਿੰਥੀਆਂ 13:1; ਇਬਰਾਨੀਆਂ 10:28. [30]ਇਹ ਇਕ ਹੋਰ ਸੰਕੇਤ ਹੈ ਕਿ ਮਰਕੁਸ ਰੋਮੀਆਂ ਲਈ ਲਿਖਿਆ ਗਿਆ ਸੀ: ਕਿਉਂ ਜੋ ਹਰ ਅਰਾਮੀ ਸ਼ਬਦ ਦਾ ਅਨੁਵਾਦ ਕਰਨਾ ਪਿਆ।